# ਅੰਮ੍ਰਿਤ ਕੀਰਤਨ

# Amrit Kirtan



ਜੂਨ 2007

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 6 ◆ ਸਾਲ ਉਨ੍ਹੀਵਾਂ ◆ ਜੂਨ 2007



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com



| | |
|---|---|
| **ਕਰਉ ਬੇਨੰਤੀਆ**<br>*ਸੰਪਾਦਕੀ* | 2 |
| **ਸਿਰਮੌਰ ਕੀਰਤਨੀਏ, ਭਾਈ ਸੰਤੋਖ ਸਿੰਘ ਜੀ**<br>*ਭਾਈ ਕਰਮ ਸਿੰਘ ਰਤਨ* | 3 |
| **'ਸੁਖਮਨੀ' ਵਿਚ ਸੁਖ ਦਾ ਸੰਕਲਪ**<br>*ਡਾ. ਹਰਨੇਕ ਸਿੰਘ ਕਲੇਰ* | 12 |
| **ਪੰਜਾਬੀ ਯੂਨੀਵਰਸਿਟੀ ਦਾ ਸੁੱਚਾ ਸੰਗੀਤਕ ਤੋਹਫ਼ਾ**<br>*ਸੁਭਾਸ਼ ਪਰਿਹਾਰ* | 15 |
| **ਖੋਜੀ ਕੀਰਤਨਕਾਰ - ਡਾ. ਜਸਬੀਰ ਕੌਰ ਪਟਿਆਲਾ**<br>*ਅਵਤਾਰ ਸਿੰਘ 'ਹੰਸ'* | 17 |
| **ਗੁਰੂ ਅੰਗਦ ਦੇਵ ਸੰਗੀਤ ਦਰਪਣ: ਇਕ ਰਿਵਿਊ**<br>*ਪ੍ਰੋ: ਚਰਨਜੀਤ ਕੌਰ* | 19 |
| **ਸੁਰ ਲਿਪੀ**<br>*ਪ੍ਰਿੰ: ਸੁਖਵੰਤ ਸਿੰਘ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 98145 25351

# ਮ੍ਰਿਤਕ ਸੰਸਕਾਰ ਅਤੇ ਗੁਰਮਤਿ ਸੰਗੀਤ

ਚੰਡੀਗੜ੍ਹ ਵਿਚ ਜਦੋਂ ਸਿੱਖ ਵਿਅਕਤੀ ਚਲਾਣਾ ਕਰਦਾ ਹੈ ਤਾਂ ਆਮ ਤੌਰ 'ਤੇ ਸ਼ਮਸ਼ਾਨਘਾਟ ਵਿਚ ਗੁਰਦੁਆਰੇ ਦਾ ਗ੍ਰੰਥੀ ਸਿੰਘ ਅਤੇ ਕੀਰਤਨੀ ਜਥਾ ਵੀ ਪੁੱਜਦਾ ਹੈ। ਅੰਗੀਠਾ ਤਿਆਰ ਕਰਨ ਸਮੇਂ ਗ੍ਰੰਥੀ ਸਿੰਘ ਨਾਲ ਰਲ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਫਿਰ ਅਰਦਾਸ ਕਰਕੇ ਮ੍ਰਿਤਕ ਸਰੀਰ ਨੂੰ ਅਗਨ ਭੇਟ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਸਾਰੇ ਜੁੜ ਕੇ ਬੈਠ ਜਾਂਦੇ ਹਨ, ਰਾਗੀ ਜਥਾ ਵੈਰਾਗਮਈ ਸ਼ਬਦ ਗਾਇਨ ਕਰਦਾ ਹੈ, ਫਿਰ ਆਸਾ ਦੀ ਵਾਰ ਵਿਚੋਂ ਇਕ ਪਉੜੀ *ਕਪੜ ਰੂਪ ਸੁਹਾਵਣਾ* ਦਾ ਗਾਇਨ ਕਰਕੇ ਕੀਰਤਨ ਦੀ ਸਮਾਪਤੀ ਕੀਤੀ ਜਾਂਦੀ ਹੈ ਅਤੇ ਸੋਹਿਲਾ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ। ਫਿਰ ਅਰਦਾਸ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਨਜ਼ਦੀਕ ਦੇ ਗੁਰਦੁਆਰਾ ਸਾਹਿਬ ਵਿਚ ਅਲਾਹੁਣੀਆਂ ਦਾ ਪਾਠ ਕਰਕੇ ਕੜਾਹ ਪ੍ਰਸਾਦਿ ਵਰਤਾਇਆ ਜਾਂਦਾ ਹੈ।

ਮੈਂ ਪਿੱਛੇ ਜਿਹੇ ਕੁਝ ਇਤਿਹਾਸਕ ਪੁਸਤਕਾਂ ਵਾਚ ਰਿਹਾ ਸਾਂ ਤਾਂ ਮ੍ਰਿਤਕ ਸੰਸਕਾਰ ਸਮੇਂ ਕੀਰਤਨ ਕਰਨ ਦੇ ਅਨੇਕਾਂ ਹਵਾਲੇ ਪ੍ਰਾਪਤ ਹੋਏ। ਜਿਸ ਤੋਂ ਪਤਾ ਚੱਲਿਆ ਕਿ ਇਹ ਮਰਿਯਾਦਾ ਗੁਰੂ ਕਾਲ ਤੋਂ ਹੀ ਚੱਲੀ ਆ ਰਹੀ ਹੈ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਗੁਰੂ ਸਾਹਿਬਾਨ ਅਤੇ ਕੁਝ ਵਿਸ਼ੇਸ਼ ਵਿਅਕਤੀਆਂ ਦੇ ਅੰਤਮ ਸੰਸਕਾਰਾਂ ਸਮੇਂ ਕੀਤੀ ਗਈ ਮਰਿਯਾਦਾ ਦੇ ਕੁਝ ਹਵਾਲੇ ਇਸ ਪ੍ਰਕਾਰ ਹਨ:

ਜਦੋਂ ਗੁਰੂ ਰਾਮ ਦਾਸ ਜੀ ਜੋਤੀ ਜੋਤਿ ਸਮਾਏ ਤਾਂ ਉਥੇ ਕੀਰਤਨ ਹੋਇਆ :

*ਅੜਿਲ -* *ਨਿਸ਼ਾ ਨਾਸ ਰਵਿ ਆਯੋ ਹਰਖ ਬਢਾਇਕੈ। ਕੀਰਤਨ ਭਯੋ ਅਪਾਰ ਦੇਵ ਕਰ ਆਇਕੈ।*

*ਦੋਹਰਾ -* *ਵਡਹੰਸ ਵਾਰ ਪ੍ਰਥਮੇ ਪੜ੍ਹੋ ਪੁਨ ਮਾਰੂ ਪੜ੍ਹੋ ਵਾਰ॥*
*ਰਾਗ ਰਬਾਬੀ ਅਧਕ ਤਹਿ ਕਰੈ ਸੁਰੰ ਵਿਸਤਾਰ॥*
*ਭਾਈ ਬੁੱਢਾ ਲਾਇ ਦੀਵਾਨ। ਸੁਨਤ ਸ਼ਬਦ ਮਾਰੂ ਧਰ ਧਿਆਨ॥*

*ਦੋਹਿਰਾ -* *ਸਾਹਿਬ ਬੁੱਢੇ ਸੌ ਕਹਾ ਅਲਾਹਿਣੀ ਪੜ੍ਹੋ ਸੁਹਾਇ।*
*ਰਬਾਬੀ ਰਾਗ ਮਿਲਾਇਕੈ ਪੜ੍ਹੀ ਅਧਿਕ ਚਿਤ ਲਾਇ।*
*ਦੀਵਾਨ ਮਧ ਬੈਠੇ ਗੁਰ ਆਇ। ਰਬਾਬੀ ਭੋਗ ਸ਼ਬਦ ਕਾ ਪਾਇ।*
*ਰਬਾਬੀ ਕੌ ਧਨ ਦੀਨ ਅਪਾਰਾ। ਕੀਰਤਨ ਸੋਹਿਲਾ ਬਹੁਰ ਉਚਾਰਾ।*
*ਸੁਨ ਪੈੜਾਂ ਕੀਰਤਨ ਬਹੁ ਹੋਵੈ। ਭਾਂਤ ਭਾਂਤ ਚੌਂਕੀ ਦੁਖ ਖੋਵੈ।*

ਬਾਬਾ ਬੁੱਢਾ ਜੀ ਦੇ ਦੇਹਾਂਤ ਤੋਂ ਬਾਅਦ ਜੋ ਰਸਮਾਂ ਹੋਈਆਂ ਉਨ੍ਹਾਂ ਵਿਚ ਕੀਰਤਨ ਪ੍ਰਮੁੱਖ ਸੀ :

*ਹਰਿਗੁਬਿੰਦ ਗੁਰ ਤਬ ਇਹ ਕੀਨੋਂ। ਰਾਗੀ ਬੋਲ ਨਿਕਟ ਤਬ ਲੀਨੋਂ।*
*ਸ੍ਰੀ ਮੁਖ ਕਹਾ ਸਬਦ ਤੁਮ ਗਾਵੇ। ਪ੍ਰਥਮ ਵਾਰ ਆਸਾ ਕੀ ਲਾਵੋ।*
*ਗਾਵਤ ਮਾਰੂ ਸਬਦ ਅਪਾਰਾ।* - - - - -

*ਰਾਗੀ ਭੋਗ ਸਬਦ ਦਾ ਪਾਯੋ। ਸ੍ਰੀ ਗੁਰ ਤਿਨ ਕੌ ਐਸ ਅਲਾਯੋ।*

*ਦੋਹਿਰਾ -* *ਮਾਰੂ ਭਖਣੇ ਵਾਰ ਕੋ ਅਬ ਗਾਵੋ ਸੁਰ ਉਚ॥ ਸਿੱਖ ਸੰਗਤਿ ਆਈ ਘਨੀ ਭਈ ਭੀਰ ਅਤਿ ਮੁਚ॥*

ਕੁਝ ਸੱਜਣ ਆਧੁਨਿਕਤਾ ਦੇ ਜੋਸ਼ ਵਿਚ ਇਨ੍ਹਾਂ ਪੁਰਾਤਨ ਗੀਤਾਂ ਤੇ ਕਿੰਤੂ ਪ੍ਰੰਤੂ ਕਰਦੇ ਹਨ। ਇਨ੍ਹਾਂ ਬਾਰੇ ਵਿਚਾਰ ਕਰਦਿਆਂ ਪੁਰਾਤਨ ਇਤਿਹਾਸ ਨੂੰ ਜ਼ਰੂਰ ਵਾਚਣਾ ਚਾਹੀਦਾ ਹੈ।

# ਸਿਰਮੌਰ ਕੀਰਤਨੀਏ, ਭਾਈ ਸੰਤੋਖ ਸਿੰਘ ਜੀ

## ਭਾਈ ਕਰਮ ਸਿੰਘ ਰਤਨ

*ਰਾਗੀਆਂ 'ਚੋਂ ਰਾਗੀ ਸੀਗਾ,*
*ਭਾਈ ਸੰਤੋਖ ਸਿੰਘ,*
*ਜੋ ਰਾਗੀ ਅਤੇ ਸੰਗੀਤਕਾਰ*
*ਸਭ ਨੂੰ ਹੀ ਭਾਵਦੇ*

ਇਹ ਉਪਰਲੀ ਪੰਗਤੀ ਮੈਂ ਉਸ ਕਵਿਤਾ ਵਿਚ ਲਿਖੀ ਸੀ ਜਿਸ ਦਾ ਨਾਮ ਸੀ-(ਰਾਗੀ ਰਤਨ) ਜਿਸ ਦੇ ਵਿਚ ਸਭ ਪੁਰਾਣੇ ਅਤੇ ਨਵੇਂ ਮਸ਼ਹੂਰ ਤੇ ਮਹਾਨ ਰਾਗੀਆਂ ਦੇ ਹੀ ਨਾਮ ਹਨ। ਅਤੇ ਇਹ ਕਵਿਤਾ ਸੰਨ 2003 ਦੇ ਅਪ੍ਰੈਲ ਦੇ ਅੰਕ ਅੰਮ੍ਰਿਤ ਕੀਰਤਨ ਵਿਚ ਛਪ ਚੁੱਕੀ ਹੈ।

ਡਾਕਟਰ ਜਾਗੀਰ ਸਿੰਘ ਜੀ ਨੇ ਸੰਨ 2004 ਦੇ ਜਨਵਰੀ ਦੇ ਅੰਕ ਅੰਮ੍ਰਿਤ ਕੀਰਤਨ ਵਿਚ ਜੋ ਆਰਟੀਕਲ ਭਾਈ ਸੰਤੋਖ ਸਿੰਘ ਜੀ ਦੇ ਸਬੰਧ ਵਿਚ ਲਿਖਿਆ ਹੈ, ਉਸ ਵਿਚ ਡਾਕਟਰ ਸਾਹਿਬ ਨੇ ਭਾਈ ਸਾਹਿਬ ਜੀ ਨੂੰ ਨਿਪੁੰਨ ਰਾਗੀ ਕਹਿ ਕੇ ਸਨਮਾਨਿਆ ਹੈ। ਸੋ ਇਹ ਗੱਲ ਬਿਲਕੁਲ ਸੱਚ ਹੈ ਅਤੇ ਇਤਿਹਾਸ ਦਾ ਇਕ ਇਹ ਮੀਲ ਪੱਥਰ ਹੈ ਤੇ ਪੱਥਰ ਲੀਕ ਹੈ ਜੋ ਮਿਟ ਨਹੀਂ ਸਕਦੀ ਕਿ ਭਾਈ ਸੰਤੋਖ ਸਿੰਘ ਵਾਕਿਆ ਹੀ ਨਿਪੁੰਨ ਰਾਗੀ ਸਨ, ਨਿਪੁੰਨ ਦਾ ਮਤਲਬ ਹੁੰਦਾ ਹੈ-ਹਰ ਪੱਖ ਤੋਂ ਪੂਰਨ। ਜਿਹਨਾਂ ਵਿਚ ਇਹ ਖੂਬੀਆਂ ਹੋਣ -ਸੁਰੀਲਤਾ, ਰਾਗਦਾਰੀ ਦੀ ਸਮਝ,ਰਾਗ ਦੀ ਥਿਊਰੀ ਦੀ ਸਮਝ, ਲੈਅ ਦੀ ਸਮਝ, ਸ਼ਬਦ ਦੀ ਸਪਸ਼ਟਤਾ ਅਤੇ ਸ਼ਬਦਾਂ ਦੇ ਪ੍ਰਮਾਣ ਦੇਣ ਦੀ ਸਹੀ ਸਮਝ ਤੇ ਸਮਰੱਥਾ, ਬਹੁਤ ਬਾਣੀ ਯਾਦ, ਸ਼ਬਦ ਦੀ ਸਹੀ ਵਿਆਖਿਆ ਅਤੇ ਵਿਆਖਿਆ ਵਿਚ ਵੀ ਰਸ, ਸ਼ਬਦਾਂ ਦੀ ਢੁਕਵੀਂ ਬੰਦਸ਼ ਅਤੇ ਸਿੱਕੇ ਬੰਦ ਬੰਦਸ਼ਾਂ ਗੀਤਾਂ, ਕਲਾਸੀਕਲ ਵਿਚ ਵੀ ਸੰਪੂਰਨ ਤੇ ਰਸ ਦਾਇਕ, ਸੁਗਮ ਸੰਗੀਤ ਵਿਚ ਵੀ ਸੰਪੂਰਨ ਤੇ ਰਸ ਦਾਇਕ, ਨਾ ਰਾਗਾਂ ਦੀ ਘਾਟ ਅਣਗਿਣਤ ਰਾਗਾਂ ਦਾ ਮੁਜੱਸਮਾ, ਹਰ ਇਕ ਰੰਗ ਵਿਚ ਸੰਪੂਰਨ ਤੇ ਸਫਲ। ਐਸੀ ਮਹਾਨ ਸਖਸ਼ੀਅਤ ਸਨ ਭਾਈ ਸੰਤੋਖ ਸਿੰਘ ਜੀ।

ਸੰਗੀਤ ਨੂੰ ਤੇ ਰਾਗ-ਦਾਰੀ ਨੂੰ ਸਮਝਣ ਵਾਲੇ ਵੱਡੇ ਵੱਡੇ ਸੰਗੀਤਕਾਰ ਤੇ ਰਾਗੀ ਅਤੇ ਆਮ ਆਦਮੀ ਜਿਸ ਨੂੰ ਕਿ ਰਾਗ ਜਾਂ ਰਾਗੀ ਬਾਰੇ ਕੋਈ ਵੀ ਜਾਣਕਾਰੀ ਨਾ ਹੋਵੇ, ਜਿਸ ਨੂੰ ਆਮ ਤੌਰ ਤੇ ਅਸੀਂ ਪੇਂਡੂ ਕਹਿ ਦਿੰਦੇ ਹਾਂ ਕੋਈ ਵੀ ਸਖਸ਼ ਭਾਈ ਸਾਹਿਬ ਵਿਚ ਕਿਸੇ ਵੀ ਕਿਸਮ ਦਾ ਨੁਕਸ ਨਹੀਂ ਸੀ ਕੱਢ ਸਕਦਾ ਜਾਂ ਇਹ ਨਹੀਂ ਸੀ ਕਹਿ ਸਕਦਾ ਕਿ ਮੈਨੂੰ ਉਹਨਾਂ ਦੇ ਕੀਰਤਨ ਦਾ ਰਸ ਨਹੀਂ ਆਇਆ ਜਾਂ ਸੁਆਦ ਨਹੀਂ ਆਇਆ ਜਾਂ ਫਲਾਣੀ ਕਮੀ ਰਹਿ ਗਈ ਹੈ। ਮੈਨੂੰ ਇੱਕ ਘਟਨਾ ਚੰਗੀ ਤਰਾਂ ਯਾਦ ਹੈ,ਇਕ ਵਾਰੀ ਭਾਈ ਸਾਹਿਬ ਆਪਣੇ ਜਥੇ ਸਮੇਤ ਮੇਰਠ ਵਿਖੇ ਇਕ ਕੀਰਤਨ ਦਰਬਾਰ ਵਿਚ ਭਾਗ ਲੈਣ ਲਈ ਆਏ ਤੇ ਉਹਨਾਂ ਦੇ ਨਾਲ ਵਾਲਾ ਸਾਥੀ ਸਧਾਰਨ ਹੀ ਸੀ ਉਹ ਭਾਈ ਸਾਹਿਬ ਜੀ ਦੇ ਨਾਲ ਪੂਰੀ ਤਰ੍ਹਾਂ ਸਾਥ ਨਹੀਂ ਸੀ ਦੇ ਸਕਦਾ। ਉਹਨਾਂ ਦੇ ਕੀਰਤਨ ਤੋਂ ਬਾਅਦ ਇਕ ਸੱਜਣ ਭਾਈ ਸਾਹਿਬ ਨੂੰ ਕਹਿਣ ਲੱਗੇ ਕਿ ਭਾਈ ਸਾਹਿਬ ਜੀ ਆਪ ਦਾ ਸਾਥੀ ਤਾਂ ਸਧਾਰਨ ਹੀ ਹੈ ਤਾਂ ਭਾਈ ਸਾਹਿਬ ਨੇ ਜਵਾਬ ਦਿੱਤਾ ਕਿ ਅਸੀਂ ਆਪ ਹੀ ਐਸਾ ਕੰਮ ਕਰ ਦਿੰਦੇ ਹਾਂ ਕਿ ਸਾਥੀ ਵੱਲ ਲੋਕਾਂ ਦਾ ਖਿਆਲ ਹੀ ਨਹੀਂ ਜਾਂਦਾ ਤੇ ਨਾ ਹੀ ਖ਼ਿਆਲ ਜਾਣ ਦੇਈਦਾ ਹੈ।

ਸੋ ਇਹ ਸਾਰੀਆਂ ਖੂਬੀਆਂ ਹਰ ਇਕ ਰਾਗੀ ਜਾਂ ਸੰਗੀਤਕਾਰ ਵਿਚ ਮਿਲ ਜਾਣੀਆਂ ਮੁਸ਼ਕਿਲ ਹਨ। ਕਿਸੇ ਕੋਲ ਰਾਗਦਾਰੀ ਦੀ ਸਮਝ ਹੈ ਪਰ ਸੁਰੀਲਾ ਗਲਾ ਨਹੀਂ। ਕਿਸੇ ਕੋਲ ਗਲਾ ਹੈ ਤਾਂ ਰਾਗਦਾਰੀ ਨਹੀਂ ਤੇ ਕਿਸੇ ਕੋਲ ਰਾਗਦਾਰੀ ਤਾਂ ਹੈ ਪਰ ਸ਼ਬਦ ਗੀਤ ਦੀ ਘਾਟ ਹੈ, ਸਭ ਕੁਛ ਹੁੰਦਿਆਂ ਵੀ ਓਹ ਆਪਣਾ ਅਸਰ ਨਹੀਂ ਪਾ ਸਕਦਾ। ਸੋ ਹਰ ਰਾਗੀ ਪਾਸ ਸਭ ਖੂਬੀਆਂ ਨਹੀਂ ਹੁੰਦੀਆਂ ਇਹ ਸਿਰਫ ਭਾਈ ਸੰਤੋਖ ਸਿੰਘ ਜੀ ਵਿਚ ਹੀ ਸਨ ਇਸੇ ਲਈ ਇਹ ਨਿਪੁੰਨ ਰਾਗੀ ਸਨ। ਅਵਾਜ਼ ਵਿਚ ਮਿਠਾਸ ਅਤੇ ਹਾਰਮੋਨੀਅਮ ਦੀ ਪਹਿਲੀ ਸੁਰ ਤੋਂ ਲੈ ਕੇ ਆਖਰੀ ਸੁਰ ਤੱਕ ਅਰਥਾਤ ਥਲੇ ਗਰਾਮ ਤੋਂ ਲੈ ਕੇ ਅਤੇ ਤਾਰ ਸਪਤਕ ਦੀ ਆਖਰੀ ਸੁਰ ਤਕ ਅਵਾਜ਼ ਇਕੋ ਹੀ ਰੇਂਜ ਵਿਚ ਲਾ ਜਾਣੀ ਅਤੇ ਸਹਿਜ ਸੁਭਾਅ ਹੀ ਲਾ ਜਾਣੀ, ਇਹ ਸਭ

ਤੋਂ ਵੱਡੀ ਵਿਲੱਖਣਤਾ ਸੀ, ਭਾਈ ਸਾਹਿਬ ਵਿਚ।

ਭਾਈ ਸਾਹਿਬ ਜੀ ਦੇ ਦਰਸ਼ਨ ਸਭ ਤੋਂ ਪਹਿਲੀ ਵਾਰ ਮੈਨੂੰ ਗੁਰਦੁਆਰਾ ਸਿੰਘ ਸਭਾ ਡੇਹਰਾਦੂਨ ਵਿਖੇ ਹੋਏ ਸਨ। ਉਦੋਂ ਮੈਂ ਭਾਈ ਕ੍ਰਿਪਾਲ ਸਿੰਘ ਜੀ ਹੁਰਾਂ ਨਾਲ ਤਬਲਾ ਵਜਾਂਦਾ ਹੁੰਦਾ ਸੀ ਤੇ ਉਹਨਾਂ ਨਾਲ ਮੈਂ ਡੇਹਰਾਦੂਨ ਗਿਆ ਸੀ। ਭਾਈ ਸੰਤੋਖ ਸਿੰਘ ਜੀ ਉਦੋਂ ਇਥੇ ਕੀਰਤਨ ਦੀ ਡਿਊਟੀ ਪੱਕੇ ਤੌਰ ਤੇ ਕਰ ਰਹੇ ਸਨ ਉਸ ਤੋਂ ਬਾਅਦ ਭਾਈ ਸਾਹਿਬ ਦਾ ਤੇ ਮੇਰਾ ਮੇਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਦਰ ਬਜ਼ਾਰ ਅੰਬਾਲਾ ਛਾਉਣੀ ਵਿਖੇ ਹੋਇਆ ਤੇ ਤੀਜੀ ਵਾਰ ਜਦੋਂ ਭਾਈ ਸਾਹਿਬ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਪੱਕੀ ਡਿਊਟੀ ਕਰਨ ਆਏ। ਉਦੋਂ ਇਹਨਾਂ ਦੇ ਨਾਲ ਸਾਥੀ ਸਨ ਮਹੰਤ ਜਸਵੰਤ ਸਿੰਘ ਵਾਜੇ ਤੇ ਅਤੇ ਤਬਲੇ ਤੇ ਮੇਰਾ ਦੋਸਤ ਪ੍ਰੋਫੈਸਰ ਮੋਹਨ ਸਿੰਘ ਜੋ ਕਿ ਬਾਅਦ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲੇ ਵਿਖੇ ਤਬਲੇ ਦੇ ਪ੍ਰੋਫੈਸਰ ਲੱਗੇ ਰਹੇ ਹਨ ਅਤੇ ਹੁਣ ਰਿਟਾਇਰ ਹੋ ਚੁੱਕੇ ਹਨ। ਉਦੋਂ ਮੈਨੂੰ ਭਾਈ ਸਾਹਿਬ ਨੂੰ ਕੁਛ ਮਹੀਨੇ ਚੰਗੀ ਤਰ੍ਹਾਂ ਸੁਣਨ ਦਾ ਮੌਕਾ ਮਿਲਿਆ ਸੀ। ਮੈਂ ਉਦੋਂ ਭਾਈ ਕਿਰਪਾਲ ਸਿੰਘ ਜੀ ਨਾਲ ਵਾਜੇ ਤੇ ਡਿਊਟੀ ਕਰਦਾ ਸੀ ਤੇ ਨਾਲੇ ਉਹਨਾਂ ਤੋਂ ਸਿੱਖ ਰਿਹਾ ਸੀ। ਉਹਨੀਂ ਦਿਨੀਂ ਭਾਈ ਸੰਤੋਖ ਸਿੰਘ ਜੀ ਨੂੰ ਸੁਣ ਕੇ ਮਨ ਵਿਚ ਇਹ ਧਾਰਨਾ ਬਣਨ ਲੱਗ ਪਈ ਸੀ ਕਿ ਜੇ ਕਦੇ ਮੌਕਾ ਮਿਲਿਆ ਤਾਂ ਭਾਈ ਸਾਹਿਬ ਤੋਂ ਕੁਝ ਸਿੱਖਣ ਦੀ ਜ਼ਰੂਰ ਕੋਸ਼ਿਸ਼ ਕਰਾਂਗਾ। ਸੋ ਇਹ ਮੌਕਾ ਮੈਨੂੰ ਮਿਲਿਆ ਸੰਨ 1969 ਵਿਚ। ਉਦੋਂ ਹੀ ਪੂਰਨ ਤੌਰ ਤੇ ਭਾਈ ਸਾਹਿਬ ਜੀ ਨਾਲ ਮੇਰਾ ਸੰਪਰਕ ਹੋਇਆ। ਹੋਇਆ ਇਹ ਕਿ ਇਕ ਐਸੀ ਘਟਨਾ ਘਟ ਗਈ, ਜਿਸ ਨੇ ਮੇਰੀ ਜਿੰਦਗੀ ਬਦਲ ਕੇ ਰੱਖ ਦਿੱਤੀ। ਜਿਵੇਂ ਲੋਹਾ ਪਾਰਸ ਨੂੰ ਛੋਹ ਜਾਵੇ ਤਾਂ ਸੋਨਾ ਬਣ ਜਾਦਾ ਹੈ ਠੀਕ ਇਵੇਂ ਹੀ ਮੇਰੇ ਨਾਲ ਹੋਇਆ। ਮੇਰੇ ਕੋਈ ਪਿਛਲੇ ਚੰਗੇ ਕਰਮ ਕੀਤੇ ਹੋਣੇ ਨੇ ਤਾਂ ਹੀ ਭਾਈ ਸੰਤੋਖ ਸਿੰਘ ਵਰਗੇ ਪਾਰਸ ਨਾਲ ਸੰਪਰਕ ਹੋ ਗਿਆ।

ਹੋਇਆ ਇੰਜ ਕਿ ਮੈਂ ਗੁਰਦੁਆਰਾ ਨਾਨਕ ਮਤਾ ਸਾਹਿਬ ਯੂ. ਪੀ. ਵਿਖੇ ਭਾਈ ਮਾਨ ਸਿੰਘ ਪੰਛੀ ਜੀ ਨਾਲ ਵਾਜੇ ਤੇ ਡਿਊਟੀ ਕਰਦਾ ਸਾਂ ਤਾਂ ਅਚਾਨਕ ਉਥੋਂ ਡਿਊਟੀ ਛੱਡ ਦਿੱਤੀ ਤੇ ਮੈਂ ਆਪਣੇ ਪਿੰਡ ਸਲੇਮਪੁਰ ਵਿਖੇ ਵਾਪਿਸ ਆ ਗਿਆ। ਕੁਛ ਦਿਨ ਪਿੰਡ ਵਿਚ ਹੀ ਵਿਹਲੇ ਫਿਰਦਿਆਂ ਹੀ ਨਿਕਲ ਗਏ। ਭਾਵੇਂ ਮਾਤਾ ਪਿਤਾ ਕੋਲ ਰਹਿੰਦਾ ਸੀ ਪਰ ਸ਼ਾਦੀ ਹੋ ਚੁੱਕੀ ਸੀ ਤੇ ਛੋਟੇ-ਛੋਟੇ ਦੋ ਬੱਚੇ ਸਨ ਤੇ ਵਿਹਲੇ ਰਹਿੰਦਿਆਂ ਰੋਟੀ ਦਾ ਮਸਲਾ ਸਾਹਮਣੇ ਆ ਗਿਆ। ਤਾਂ ਮੈਨੂੰ ਕੰਮ ਦੀ ਭਾਲ ਕਰਨੀ ਪੈ ਗਈ ਤੇ ਮੈਂ ਕੰਮ ਦੀ ਤਲਾਸ਼ ਵਿਚ ਅੰਬਾਲੇ ਛਾਉਣੀ ਚਲਾ ਗਿਆ। ਮੈਂ ਗੁਰਦੁਆਰਾ ਸਿੰਘ ਸਭਾ ਸਦਰ ਬਜ਼ਾਰ ਗਿਆ ਤਾਂ ਉਥੇ ਮਹੰਤ ਜਸਵੰਤ ਸਿੰਘ ਜੀ ਕੀਰਤਨ ਦੀ ਡਿਊਟੀ ਤੇ ਲੱਗੇ ਹੋਏ ਸਨ ਤੇ ਉਹਨਾਂ ਨਾਲ ਤਬਲੇ ਵਾਲੇ ਦੀ ਜਰੂਰਤ ਸੀ ਅਤੇ ਇਹਨਾਂ ਨਾਲ ਪਹਿਲਾਂ ਵੀ ਮੈਂ ਗੁਰਦੁਆਰਾ ਲੱਬੂ ਵਾਲਾ ਤਲਾ ਅੰਬਾਲਾ ਸਹਿਰ ਵਿਖੇ ਡਿਊਟੀ ਕਰਦਾ ਰਿਹਾ ਹਾਂ ਸੋ ਭਾਈ ਸਾਹਿਬ ਮਹੰਤ ਜੀ ਮੇਰੇ ਨਾਲ ਬਹੁਤ ਹਿਤ ਕਰਦੇ ਸਨ। ਉਹ ਮੈਨੂੰ ਕਹਿਣ ਲੱਗੇ ਕਿ ਸਾਡੇ ਨਾਲ ਆ ਜਾ ਤਬਲਾ ਵਜਾਉਣ ਤੇ। ਮੈਂ ਤਾਂ ਲੋੜਵੰਦ ਹੈ ਹੀ ਸੀ ਸੋ ਮੇਰੀ ਗਲਬਾਤ ਢਾਈ ਸੌ (250) ਰੁਪਏ ਤਨਖਾਹ ਤੇ ਮਹੰਤ ਜੀ ਨਾਲ ਤਬਲੇ ਦੀ ਡਿਊਟੀ ਤੇ ਤਹਿ ਹੋ ਗਈ। ਗੱਲ ਭਾਵੇਂ ਹੋ ਗਈ ਸੀ ਪਰ ਮਨ ਖੁਸ਼ ਨਹੀਂ ਸੀ ਕਿਉਂ ਕਿ ਹੁਣ ਮੈਂ ਆਪ ਭਾਈ ਜਸਵੰਤ ਸਿੰਘ ਨਾਲੋਂ ਵਧੀਆ ਕੀਰਤਨ ਕਰ ਲੈਂਦਾ ਸਾਂ। ਸੋ ਇਹ ਸੋਚਦਾ ਸੀ ਕਿ ਇਕ ਤਾਂ ਮੈਂ ਪੰਛੀ ਜੀ ਨਾਲ ਵਾਜੇ ਤੇ ਸੀ ਤੇ ਹੁਣ ਮੈਨੂੰ ਤਬਲੇ ਤੇ ਲੱਗਣਾ ਪਵੇਗਾ ਅਤੇ ਦੂਜੀ ਗੱਲ ਇਹ ਸੀ ਕਿ ਮੈਂ ਆਪ ਜਥੇਦਾਰ ਨਾਲੋਂ ਵਧੀਆ ਕੀਰਤਨ ਕਰ ਲੈਂਦਾ ਸੀ। ਮੈਂ ਮਹੰਤ ਜੀ ਹੋਰਾਂ ਨਾਲ ਗੱਲ-ਬਾਤ ਕਰਕੇ ਵਾਪਿਸ ਆ ਰਿਹਾ ਸੀ ਤੇ ਰਸਤੇ ਵਿਚ ਹੀ ਮੈਨੂੰ ਪਤਾ ਲਗਾ ਕਿ ਭਾਈ ਸੰਤੋਖ ਸਿੰਘ ਜੀ ਪੰਜਾਬੀ ਗੁਰਦੁਆਰੇ ਵਿਚ ਰਹਿ ਰਹੇ ਹਨ ਤੇ ਮਨ ਨੇ ਕਿਹਾ ਕਿ ਚਲੋ ਭਾਈ ਸਾਹਿਬ ਜੀ ਦੇ ਦਰਸ਼ਨ ਹੀ ਕਰ ਚੱਲੀਏ। ਇਹ ਸੋਚ ਕੇ ਮੇਰੇ ਪੈਰ ਉਧਰ ਨੂੰ ਚਲ ਪਏ ਤੇ ਮੈਂ ਪੰਜਾਬੀ ਗੁਰਦੁਆਰੇ ਭਾਈ ਸਾਹਿਬ ਦੇ ਘਰ ਪਹੁੰਚ ਗਿਆ। ਮੈਂ ਭਾਈ ਸਾਹਿਬ ਨੂੰ ਨਹੀਂ ਦੱਸਿਆ ਕਿ ਮੈਂ ਮਹੰਤ ਜਸਵੰਤ ਸਿੰਘ ਨੂੰ ਮਿਲ ਕੇ ਆ ਰਿਹਾਂ। ਭਾਈ ਸਾਹਿਬ ਨੂੰ ਮੈਂ ਕਿਹਾ ਕਿ ਮੈਂ ਕੰਮ ਦੀ ਭਾਲ ਵਿਚ ਹਾਂ ਕਿਧਰੇ ਕੋਈ ਕੀਰਤਨ ਦੀ ਡਿਊਟੀ ਮਿਲ ਜਾਵੇ। ਅਸਲ ਵਿਚ ਮੈਂ ਆਪਣੇ ਤੌਰ ਤੇ ਡਿਊਟੀ ਕਰਨਾ ਚਾਹੁੰਦਾ ਸੀ ਪਰ ਉਹ ਹਾਲੇ ਭਾਗਾਂ ਵਿਚ ਨਹੀਂ ਸੀ। ਭਾਈ ਸੰਤੋਖ ਸਿੰਘ ਜੀ ਮੈਨੂੰ ਕਹਿਣ ਲਗੇ ਕਿ ਮੇਰੇ ਨਾਲ ਵਾਜੇ ਤੇ ਬੰਦਾ ਚਾਹੀਦਾ ਹੈ, ਜੇਕਰ ਆਉਣਾ ਚਾਹੁੰਦੇ ਹੋ ਤਾਂ ਆ ਜਾਓ। ਤਾਂ ਮੈਂ ਪੁੱਛਿਆ ਤੁਸੀਂ ਕੀ ਮੈਨੂੰ ਤਨਖਾਹ ਦਿਉਗੇ? ਤਾਂ ਭਾਈ ਸਾਹਿਬ ਕਹਿਣ ਲਗੇ ਕਿ (550) ਪੰਜ ਸੌ

ਪੰਜਾਹ ਰੁਪਏ ਜਥੇ ਦੀ ਤਨਖਾਹ ਹੈ ਸੋ ਮੈਂ ਪੰਜੀ ਪੈਸੇ ਹਿੱਸਾ ਦਿੰਦਾ ਹੁੰਦਾਂ ਇਸ ਹਿਸਾਬ ਨਾਲ 137-50 ਇਕ ਸੌ ਸੈਂਤੀ ਰੁਪਏ ਪੰਜਾਹ ਪੈਸੇ ਮੇਰੇ ਹਿੱਸੇ ਬਣਦੇ ਸਨ। ਅਗਰ ਤੁਹਾਨੂੰ ਮਨਜ਼ੂਰ ਹੈ ਤਾਂ ਬੇਸ਼ਕ ਜਦੋਂ ਮਰਜੀ ਆ ਜਾਵੋ। ਸੋ ਮੈਂ ਭਾਈ ਸਾਹਿਬ ਨੂੰ ਕਿਹਾ ਕਿ ਮੈਂ ਦੋ ਕੁ ਦਿਨਾਂ ਤੱਕ ਆਪ ਜੀ ਨੂੰ ਦੱਸਾਂਗਾ। ਘਰ ਜਾ ਕੇ ਮੈਂ ਮਨ ਨਾਲ ਸਲਾਹ ਕੀਤੀ ਕਿ ਮਨਾਂ ਇਹ ਠੀਕ ਹੈ ਮਹੰਤ ਜੀ ਨਾਲ ਮੈਨੂੰ ਤਨਖ਼ਾਹ ਜ਼ਿਆਦਾ ਮਿਲੇਗੀ ਪਰ ਉਹਨਾਂ ਨਾਲ ਮੈਨੂੰ ਤਬਲੇ ਤੇ ਲਗਣਾ ਪੈਣਾ ਹੈ ਤੇ ਫਿਰ ਮੈਂ ਖੁਦ ਉਹਨਾਂ ਨਾਲੋਂ ਵਧੀਆ ਕੀਰਤਨ ਕਰ ਲੈਂਦਾ ਹਾਂ ਤੇ ਇਹਨਾਂ ਨਾਲ ਲਗ ਕੇ ਮੇਰਾ ਪਿਛਲਾ ਗੁਣ ਵੀ ਜਾਂਦਾ ਰਹਿਣਾ ਹੈ ਅਤੇ ਭਾਈ ਸੰਤੋਖ ਸਿੰਘ ਜੀ ਨਾਲ ਤਨਖਾਹ ਤਾਂ ਭਾਵੇਂ ਥੋੜ੍ਹੀ ਹੈ ਪਰ ਉਹ ਗੁਣੀ ਬੰਦੇ ਨੇ, ਉਹਨਾਂ ਨਾਲ ਲਗ ਕੇ ਮੇਰੀ ਤਰੱਕੀ ਹੋਵੇਗੀ ਤੇ ਗੁਣ ਵਿਚ ਵੀ ਵਾਧਾ ਹੋਵੇਗਾ। ਇਹ ਸੋਚ ਕੇ ਮੈਂ ਭਾਈ ਸਾਹਿਬ ਨਾਲ ਡਿਊਟੀ ਕਰਨ ਦਾ ਫੈਸਲਾ ਕਰਕੇ ਉਹਨਾਂ ਨਾਲ ਡਿਊਟੀ ਸ਼ੁਰੂ ਕਰ ਦਿੱਤੀ ਤੇ ਸੰਨ 1969 ਦੇ ਮਈ ਮਹੀਨੇ ਵਿਚ ਮੈਂ ਭਾਈ ਸਾਹਿਬ ਨਾਲ ਡਿਊਟੀ ਸ਼ੁਰੂ ਕਰਕੇ ਸੰਨ 70 ਦੇ ਜੂਨ ਮਹੀਨੇ ਤਕ ਉਹਨਾਂ ਨਾਲ ਸਹਾਇਕ ਰਾਗੀ ਦੀ ਡਿਊਟੀ ਕੀਤੀ। ਤਕਰੀਬਨ 14 ਮਹੀਨੇ ਮੈਂ ਉਹਨਾਂ ਦਾ ਸਾਥ ਦਿੱਤਾ। ਭਾਈ ਸਾਹਿਬ ਨਾਲ ਇਤਨਾ ਚਿਰ ਸਾਥ ਕਰਨ ਦਾ ਫਲ ਮੈਨੂੰ ਇਹ ਮਿਲਿਆ ਕਿ ਮੈਂ ਤਾਂਬੇ ਅਤੇ ਲੋਹੇ ਤੋਂ ਸੋਨਾ ਬਣ ਗਿਆ। ਮੇਰੇ ਕੰਮ ਦੇ ਫ਼ਰਕ ਦਾ ਮੈਨੂੰ ਆਪ ਨੂੰ ਹੀ ਪਤਾ ਲਗ ਗਿਆ। ਭਾਈ ਸਾਹਿਬ ਨਾਲ ਲੱਗਣ ਤੋਂ ਪਹਿਲਾਂ ਵੀ ਮੈਂ ਆਪਣਾ ਜਥਾ ਬਣਾਇਆ ਸੀ ਤੇ ਕਈ ਅਸਥਾਨਾਂ ਤੇ ਡਿਊਟੀ ਵੀ ਕੀਤੀ ਸੀ ਅਤੇ ਕਈ ਗੁਰਪੁਰਬਾਂ ਤੇ ਬਾਹਰ ਬੁਕਿੰਗ ਤੇ ਵੀ ਜਾਂਦੇ ਰਹੇ ਹਾਂ। ਪਰ ਉਦੋਂ ਸਾਡੇ ਕੰਮ ਦਾ ਅਸਰ ਇਤਨਾ ਸੀ ਕਿ ਜਿਥੇ ਵੀ ਇਕ ਵਾਰੀ ਕੀਰਤਨ ਕਰਕੇ ਆਉਂਦੇ ਸਾਂ ਸਾਨੂੰ ਦੁਬਾਰਾ ਕੋਈ ਵੀ ਨਹੀਂ ਸੀ ਬੁਲਾਂਦਾ, ਲੋਕ ਭੁੱਲ ਜਾਂਦੇ ਸਨ। ਜਦੋਂ ਭਾਈ ਸਾਹਿਬ ਨਾਲ ਰਹਿਣ ਤੋਂ ਬਾਅਦ ਮੈਂ ਆਪਣਾ ਜਥਾ ਬਣਾਇਆ ਤਾ ਕੰਮ ਵਿਚ ਇਤਨਾ ਅਸਰ ਹੋ ਗਿਆ ਕਿ ਲੋਕਾਂ ਦੇ ਦਿਲਾਂ ਵਿਚ ਸਾਡੀ ਥਾਂ ਬਣ ਗਈ ਅਤੇ ਜਿਥੇ ਵੀ ਕੀਰਤਨ ਕਰੀਏ ਹਰ ਥਾਂ ਤੇ ਕਾਮਯਾਬੀ ਮਿਲਦੀ ਸੀ। ਜਦੋਂ ਮੈਂ ਜਥਾ ਬਣਾਇਆ ਤਾਂ ਸਾਨੂੰ ਸਭ ਤੋਂ ਪਹਿਲੀ ਸਟੇਜ ਗੁਰਦੁਆਰਾ ਸਿੰਘ ਸਭਾ ਸੈਕਟਰ 19 ਡੀ. ਚੰਡੀਗੜ੍ਹ ਦੀ ਪ੍ਰਾਪਤ ਹੋਈ ਅਤੇ ਇਸ ਸਭਾ ਨੇ ਉਸ ਸਮੇਂ ਦੇ ਕਈ ਵੱਡੇ-ਵੱਡੇ ਚੰਗੇ ਨਾਮੀ ਕੀਰਤਨੀਏ ਸੁਣ ਕੇ ਤੇ ਚੰਗੇ-ਚੰਗੇ ਰਾਗੀ ਜਥੇ ਸੁਣਨ ਤੋਂ ਬਾਅਦ ਸਭਾ ਨੇ ਸਾਨੂੰ ਚੁਣਿਆ ਤੇ ਗੁਰਦੁਆਰੇ ਦੀ ਪੂਰੀ ਪ੍ਰਬੰਧਕ ਕਮੇਟੀ ਆਪ ਕਾਰਾਂ ਤੇ ਜਾ ਕੇ ਮੇਰੇ ਪਿੰਡ ਸਲੇਮਪੁਰ ਤੋਂ ਦਾਸ ਨੂੰ ਲੈ ਕੇ ਆਈ। ਸੋ ਭਾਈ ਸੰਤੋਖ ਸਿੰਘ ਜੀ ਨਾਲ ਰਹਿਣ ਤੇ ਉਹਨਾਂ ਦੇ ਜੀਵਨ ਬਾਰੇ ਜੋ ਜੋ ਜਾਣਕਾਰੀ ਦਾਸ ਨੂੰ ਪ੍ਰਾਪਤ ਹੋਈ ਜਾਂ ਜੋ ਮੈਂ ਅੱਖੀਂ ਦੇਖਿਆ ਉਹ ਸਾਰੀ ਜਾਣਕਾਰੀ ਆਪ ਦੇ ਸਾਹਮਣੇ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਡਾ: ਜਾਗੀਰ ਸਿੰਘ ਜੀ ਨੇ ਜੋ ਜਾਣਕਾਰੀ ਭਾਈ ਸੰਤੋਖ ਸਿੰਘ ਜੀ ਦੇ ਸਬੰਧ ਵਿਚ ਅੰਮ੍ਰਿਤ ਕੀਰਤਨ ਜਨਵਰੀ 2004 ਦੇ ਅੰਕ ਵਿਚ ਦਿੱਤੀ ਹੈ ਉਹ ਬਿਲਕੁਲ ਸਹੀ ਹੈ ਕਿ ਆਪ ਜੀ ਦੇ ਰਾਗੀ ਬਣਨ ਦੀ ਕਹਾਣੀ ਬੜੀ ਦਿਲਚਸਪ ਹੈ। ਭਾਈ ਸਾਹਿਬ ਉਹਨਾਂ ਰਾਗੀਆਂ ਵਿਚੋਂ ਨਹੀਂ ਸਨ ਕਿ ਜਿਹਨਾਂ ਨੂੰ ਸੰਗੀਤ ਸਿੱਖਿਆ ਵਿਰਸੇ ਵਿਚ ਮਿਲੀ ਹੋਵੇ ਅਤੇ ਨਾ ਹੀ ਆਪ ਜੀ ਨੂੰ ਪਹਿਲਾਂ ਸੰਗੀਤ ਪ੍ਰਤੀ ਕੋਈ ਲਗਾਉ ਸੀ। ਆਪ ਜੀ ਤਾਂ ਬਸ ਪਿਤਾ ਜੀ ਦੀ ਇੱਛਾ ਪੂਰੀ ਕਰਨ ਲਈ ਹੀ ਸੰਗੀਤ ਦੇ ਖੇਤਰ ਵਿਚ ਦਾਖਿਲ ਹੋਏ ਸਨ।

ਆਪ ਜੀ ਦੇ ਪਿਤਾ ਸਰਦਾਰ ਇੰਦਰ ਸਿੰਘ ਕੋਈ ਰਾਗੀ ਜਾਂ ਸੰਗੀਤਕਾਰ ਨਹੀਂ ਸਨ ਬਲਕਿ ਉਹ ਭਲਵਾਨੀ ਕਰਦੇ ਸਨ ਤੇ ਸੰਧੂ ਜੱਟ ਖਾਨਦਾਨ ਵਿਚੋਂ ਸਨ ਉਹਨਾਂ ਨੇ ਤਿੰਨ ਸ਼ਾਦੀਆਂ ਕੀਤੀਆਂ ਪਰ ਸੰਤਾਨ ਦੀ ਪ੍ਰਾਪਤੀ ਨਹੀਂ ਹੋਈ। ਸਰਦਾਰ ਇੰਦਰ ਸਿੰਘ ਜੀ ਹਰ ਸਾਲ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਨਨਕਾਣਾ ਸਾਹਿਬ ਦਰਸ਼ਨ ਕਰਨ ਜਾਂਦੇ ਹੁੰਦੇ ਸਨ ਤੇ ਇਕ ਵਾਰ ਉਥੇ ਨਨਕਾਣਾ ਸਾਹਿਬ ਜਾ ਕੇ ਅਰਦਾਸ ਕੀਤੀ ਕਿ ਸਤਿਗੁਰੂ ਐਸੀ ਕ੍ਰਿਪਾ ਕਰੋ, ਜੇ ਇਕ ਬੱਚੇ ਦੀ ਬਖਸ਼ਿਸ਼ ਕਰ ਦਿਉ ਤਾਂ ਮੈਂ ਉਸ ਨੂੰ ਤੁਹਾਡਾ ਕੀਰਤਨੀਆ ਬਣਾਵਾਂਗਾ। ਫਿਰ ਸਰਦਾਰ ਇੰਦਰ ਸਿੰਘ ਜੀ ਨੇ ਚੌਥਾ ਵਿਆਹ ਲਾਹੌਰ ਦੀ ਇਕ ਵਿਧਵਾ ਬੀਬੀ ਨਾਲ ਕਰਵਾਇਆ। ਇਸ ਚੌਥੀ ਪਤਨੀ ਦਾ ਇਹ ਪਹਿਲੇ ਪਤੀ 'ਚੋਂ ਬੱਚਾ ਸੀ, ਭਾਈ ਸੰਤੋਖ ਸਿੰਘ। ਜਿਸ ਨੂੰ ਸਰਦਾਰ ਇੰਦਰ ਸਿੰਘ ਜੀ ਨੇ ਆਪਣਾ ਨਾਮ ਪਿਤਾ ਦੀ ਥਾਂ ਤੇ ਦਿੱਤਾ ਸੀ। ਫਿਰ ਇਸ ਬੱਚੇ ਨੂੰ ਆਪ ਨਨਕਾਣਾ ਸਾਹਿਬ ਲੈਕੇ ਗਏ ਤੇ ਅਰਦਾਸ ਕੀਤੀ ਕਿ ਸਤਿਗੁਰੂ ਜੀ ਮੈਂ ਇਸ ਬੱਚੇ ਨੂੰ ਕੀਰਤਨੀਆ ਬਣਾਵਾਂਗਾ, ਹਿੰਮਤ ਆਪ ਜੀ ਨੇ ਦੇਣੀ ਹੈ। ਹਾਲੇ ਭਾਈ ਸੰਤੋਖ ਸਿੰਘ ਜੀ ਚਾਰ ਸਾਲ ਦੇ ਹੀ ਸਨ ਤਾਂ ਇਹਨਾਂ

ਦੀ ਮਾਂ ਦਾ ਦਿਹਾਂਤ ਹੋ ਗਿਆ। ਆਪ ਮਾਂ ਦਾ ਪਿਆਰ ਪੂਰੀ ਤਰ੍ਹਾਂ ਨਹੀਂ ਪਾ ਸਕੇ।

ਸੋ ਕੁਛ ਚਿਰ ਬਾਅਦ ਇਹਨਾਂ ਦੇ ਪਿਤਾ ਜੀ ਨੇ ਇਹਨਾਂ ਨੂੰ ਰਾਗੀ ਬਣਾਉਣ ਲਈ ਯਤਨ ਸ਼ੁਰੂ ਕਰ ਦਿਤੇ। ਉਹਨਾਂ ਨੇ ਪਹਿਲਾ ਪਤਾ ਕੀਤਾ ਕਿ ਕਿਹੜੇ-ਕਿਹੜੇ ਸੰਗੀਤਕਾਰ ਮਹਾਨ ਹਨ ਜਿੰਨ੍ਹਾ ਤੋਂ ਇਸ ਬੱਚੇ ਨੂੰ ਸੰਗੀਤ ਦੀ ਸਿੱਖਿਆ ਦਿਵਾਈ ਜਾਵੇ। ਕਿਉਂ ਕਿ ਪਿਤਾ ਜੀ ਇਹ ਚਾਹੁੰਦੇ ਸਨ ਕਿ ਉਹਨਾਂ ਦਾ ਪੁੱਤਰ ਸੰਗੀਤ ਸਿੱਖਣ ਵਿਚ ਕਿਸੇ ਵੀ ਤਰ੍ਹਾਂ ਪਿੱਛੇ ਨਾ ਰਹਿ ਜਾਵੇ। ਇਸ ਲਈ ਉਹਨਾਂ ਨੇ ਸਭ ਤੋਂ ਪਹਿਲਾਂ ਸੰਗੀਤ ਦੀ ਸਿੱਖਿਆ ਆਪਣੇ ਸਮੇਂ ਦੇ ਉਦੋਂ ਦੇ ਪ੍ਰਸਿੱਧ ਰਾਗੀ ਮਾਸਟਰ ਸਾਂਈ ਦਿੱਤਾ ਜੀ ਪਾਸੋਂ ਦਿਵਾਈ ਅਤੇ ਉਸ ਤੋਂ ਬਾਅਦ ਦੁਰਗਿਆਣੇ ਮੰਦਰ ਦੇ ਪੰਡਤ ਜੀ ਪਾਸੋਂ ਕੁਛ ਚਿਰ ਸਿਖਲਾਈ ਕਰਵਾਈ। ਜਦੋਂ ਕੁਛ ਸਮਝਣ ਯੋਗ ਹੋ ਗਏ ਤਾਂ ਬਾਬਾ ਲਾਭ ਸਿੰਘ ਜੀ ਗੰਧਰਬ ਤਰਨ ਤਾਰਨ ਵਾਲਿਆਂ ਪਾਸੋਂ ਕੀਰਤਨ ਦੀ ਸਿਖਲਾਈ ਆਰੰਭ ਕਰਵਾਈ। ਇਹਨਾਂ ਤੋਂ ਬਾਅਦ ਸ੍ਰੀ ਬਖੂ ਖਾਂ ਕਲਾਵੰਤ ਰਿਆਸਤ ਕਪੂਰਥਲਾ ਦੇ ਦਰਬਾਰੀ ਗਾਇਕਾਂ ਪਾਸੋਂ ਕਲਾਸੀਕਲ ਰਾਗਾਂ ਦੀ ਤਾਲੀਮ ਦਿਵਾਣ ਲਈ ਲੈ ਕੇ ਗਏ। ਭਾ: ਸੰਤੋਖ ਸਿੰਘ ਜੀ ਆਪ ਸਾਨੂੰ ਦਸਦੇ ਹੁੰਦੇ ਸਨ ਕਿ ਜਦੋਂ ਮੇਰੇ ਪਿਤਾ ਮੈਨੂੰ ਕਪੂਰਥਲੇ ਵਾਲੇ ਉਸਤਾਦ ਬਖੂ ਖਾਂ ਪਾਸ ਸਿਖਾਉਣ ਲਈ ਲੈ ਗਏ ਸਨ ਮੇਰੀ ਸ਼ਾਗਿਰਦੀ ਕਰਵਾਉਣ ਲਈ, ਉਹਨੀਂ ਦਿਨੀਂ ਇਕ ਮੱਝ ਦੁੱਧ ਦੇਣ ਵਾਲੀ ਤੇ ਪੰਜ ਸੂਟ ਕੱਪੜਿਆਂ ਤੇ ਦਸਤਾਰਾਂ ਸਮੇਤ, ਦਸ ਸੇਰ ਬਦਾਮ, ਤੇ ਉਤੇ ਇਕ ਸੌ ਇਕ (101) ਰੁਪਏ ਨਕਦ, ਉਹਨੀਂ ਦਿਨੀਂ ਇਕ ਸੌ ਇਕ ਰੁਪਏ ਬਹੁਤ ਜਿਆਦਾ ਹੁੰਦੇ ਸਨ, ਇਹ ਭੇਟਾਵਾਂ ਉਸਤਾਦ ਕੋਲ ਲੈ ਕੇ ਗਏ ਸਨ। ਸਭ ਤੋਂ ਬਾਅਦ ਆਪ ਜੀ ਨੇ ਭਾਈ ਤਾਬਾ ਜੀ ਰਬਾਬੀ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਤੇ ਵਿਦਵਾਨ ਕੀਰਤਨੀਏ ਸਨ ਉਹਨਾਂ ਤੋਂ ਆਪ ਜੀ ਨੇ ਕੀਰਤਨ ਦੀ ਸਿੱਖਿਆ ਲਈ। ਸਵਰਗੀ ਭਾਈ ਪ੍ਰਤਾਪ ਸਿੰਘ ਜੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਦੇ ਹਜ਼ੂਰੀ ਰਾਗੀ ਵੀ ਭਾਈ ਤਾਬਾ ਜੀ ਦੇ ਹੀ ਸ਼ਾਗਿਰਦ ਸਨ। ਸੋ ਭਾਈ ਤਾਬਾ ਜੀ ਤੋਂ ਬਾਅਦ ਆਪ ਜੀ ਕੁਝ ਸਮਾਂ ਸੰਤ ਸੁੰਦਰ ਸਿੰਘ ਅਲੀਬੇਗ ਵਾਲਿਆਂ ਦੇ ਡੇਰੇ ਜਿਲ੍ਹਾ ਗੁਜਰਾਤ ਵਿਚ ਉਥੇ ਚਲੇ ਗਏ ਤੇ ਉਥੇ ਭਾਈ ਜਗਤ ਸਿੰਘ ਜੀ ਡੇਰੇ ਦੇ ਹਜ਼ੂਰੀ ਰਾਗੀ ਸਨ। ਉਹਨਾਂ ਦੇ ਨਾਲ ਆਪ ਜੀ ਸਹਾਇਕ ਰਾਗੀ ਵਾਜੇ ਤੇ ਕੀਰਤਨ ਵੀ ਕਰਦੇ ਸਨ ਤੇ ਨਾਲ ਹੀ ਭਾਈ ਜਗਤ ਸਿੰਘ ਜੀ ਪਾਸੋਂ ਸਿਖਦੇ ਵੀ ਰਹੇ ਸਨ। ਸੰਤ ਬਾਬਾ ਮੋਹਨ ਸਿੰਘ ਜੀ ਜੋ ਗੁਰਦੁਆਰਾ ਕੀਰਤਨਗੜ੍ਹ ਕਾਨ੍ਹਪੁਰ ਵਾਲੇ ਸਨ ਇਹ ਵੀ ਭਾਈ ਜਗਤ ਸਿੰਘ ਜੀ ਪਾਸੋਂ ਦਿਲ ਰਬਾਬ ਵਜਾਣੀ ਸਿਖਦੇ ਰਹੇ ਹਨ। ਸੋ ਭਾਈ ਸੰਤੋਖ ਸਿੰਘ ਜੀ, ਭਾਈ ਪ੍ਰਤਾਪ ਸਿੰਘ ਅਤੇ ਸੰਤ ਬਾਬਾ ਮੋਹਨ ਸਿੰਘ ਜੀ ਕਾਨ੍ਹਪੁਰ ਵਾਲੇ ਇਹ ਤਿੰਨ ਹਸਤੀਆਂ ਗੁਰ ਭਾਈ ਸਨ। ਭਾਈ ਸਾਹਿਬ ਜੀ ਦੇ ਪਿਤਾ ਸ੍: ਇੰਦਰ ਸਿੰਘ ਜੀ ਸੁਭਾਅ ਦੇ ਬਹੁਤ ਸਖਤ ਸਨ। ਭਾਈ ਸਾਹਿਬ ਜੀ ਦਸਦੇ ਹੁੰਦੇ ਸਨ ਕਿ ਉਹ ਆਪ ਥੋਹੜਾ ਤਬਲਾ ਵਜਾਉਣਾ ਜਾਣਦੇ ਸਨ। ਆਪ ਮੇਰੇ ਨਾਲ ਤਬਲਾ ਵਜਾ ਕੇ ਮੈਨੂੰ ਰਿਆਜ਼ ਕਰਵਾਉਂਦੇ ਸਨ ਤੇ ਨਾਲ ਹੀ ਉਸਤਾਦਾਂ ਦੇ ਸਿਖਾਏ ਹੋਏ ਸ਼ਬਦ ਵੀ ਯਾਦ ਕਰਵਾਉਂਦੇ ਸਨ। ਭਾਈ ਸਾਹਿਬ ਦਸਦੇ ਸਨ ਕਿ ਮੈਂ ਡੰਡੇ ਨਾਲ ਘਿਉ ਵੀ ਖਾਧਾ ਹੈ ਅਤੇ ਡੰਡੇ ਨਾਲ ਰਿਆਜ਼ ਵੀ ਕੀਤਾ ਹੈ।

ਭਾਈ ਸੰਤੋਖ ਸਿੰਘ ਜੀ ਭਾਵੇਂ ਆਪ ਰਬਾਬੀ ਖਾਨਦਾਨ ਵਿਚੋਂ ਨਹੀਂ ਸਨ ਪਰ ਕਿਉਂ ਕਿ ਆਪ ਜੀ ਪੁਰਾਣੇ ਰਬਾਬੀ ਰਾਗੀਆਂ ਕੋਲੋਂ ਹੀ ਸਿੱਖੇ ਹੋਏ ਸਨ ਇਸ ਕਰਕੇ ਸਾਰੇ ਰਬਾਬੀ ਖਾਨਦਾਨ ਦੇ ਕੀਰਤਨੀਏ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਆਪ ਜੀ ਰੇਡੀਓ ਅਤੇ ਟੈਲੀਵਿਜ਼ਨ ਤੇ ਵੀ ਪ੍ਰੋਗਰਾਮ ਦਿੰਦੇ ਰਹੇ। ਆਪ ਜੀ ਪ੍ਰਚੱਲਤ ਤਾਲਾਂ ਤੋਂ ਇਲਾਵਾ ਧਮਾਰ, ਆੜਾ ਚੌਤਾਲਾ, ਪੰਜ ਤਾਰ ਦੀ ਸਵਾਰੀ, ਫਰੋਦਸਤ, ਝੂਮਰਾ, ਖਟਤਾਲ ਅਤੇ ਹੋਰ ਬਿਖੜੇ ਤੋਂ ਬਿਖੜੇ ਤਾਲ ਇੰਜ ਅਸਾਨੀ ਨਾਲ ਗਾ ਲੈਂਦੇ ਸਨ ਜਿਵੇਂ ਲੋਕ ਕਹਿਰਵਾ ਤੇ ਦਾਦਰਾ ਗਾ ਲੈਂਦੇ ਹਨ। ਭਾਈ ਸਾਹਿਬ ਜੀ ਰਾਗਦਾਰੀ ਵਿਚ ਬਹੁਤ ਮਾਹਿਰ ਸਨ। ਉਹ ਕਿੰਨੇ ਕੁ ਰਾਗ ਗਾ ਲੈਂਦੇ ਸਨ ਇਸ ਬਾਰੇ ਗਿਣਤੀ ਕਰਨੀ ਤਾਂ ਮੁਸ਼ਕਿਲ ਹੈ ਪਰ ਜਿੰਨੇ ਕੁ ਰਾਗਾਂ ਦੀ ਮੈਨੂੰ ਜਾਣਕਾਰੀ ਹੈ ਜਾਂ ਜੋ ਮੈਂ ਉਹਨਾਂ ਤੋਂ ਸੁਣੇ ਹਨ ਉਹ ਮੈਂ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ -(1 ਆਸਾ, 2 ਅਡਾਨਾ, 3 ਆਸਾਵਰੀ, 4 ਅਹੀਰੀ, 5 ਅਹੀਰ ਭੈਰਵ, 6 ਅਲਹੀਆ ਬਿਲਾਵਲ, 7 ਅਨੰਦ, 8 ਅਹੀਰ ਲਲਿਤ, 9 ਆਭੋਗੀ, 10 ਆਭੋਗੀ ਕਾਨੜਾ, 11 ਆਨੰਦ ਭੈਰਵੀ, 12 ਅਰਜ, 13 ਅਨੰਦ ਭੈਰਵ, 14 ਸ੍ਰੀ ਰਾਗ, 15 ਸੋਰਠ, 16 ਸੂਹੀ, 17 ਸਾਰੰਗ, 18 ਸ਼ੰਕਰਾ, 19 ਸ਼ਿਵ ਰੰਜਨੀ, 20 ਸਿੰਧੜਾ, 21 ਸਿੰਧ ਭੈਰਵੀ, 22 ਸਿੰਧਵੀ, 23 ਸ਼ੰਕਰ, 24 ਸ਼ਾਮ ਕਲਿਆਣ, 25 ਸ੍ਰੀ ਕਲਿਆਨ, 26 ਸ਼ਿਆਮ

ਕੇਦਾਰ, 27 ਸੂਰ ਮਲ੍ਹਾਰ, 28 ਸਾਜਨ, 29 ਸੁਕਲ ਬਿਲਾਵਲ, 30 ਸ਼ਾਹਾਨਾ, 31 ਸਿੰਧ, 32 ਸੋਹਨੀ, 33 ਸ੍ਰੀ ਰੰਜਨੀ, 34 ਸੂਹਾ ਕਾਨੜਾ, 35 ਹਿੰਡੋਲ 36 ਹਮੀਰ, 37 ਹੰਸ ਧੁਨੀ 38 ਹੇਮ ਕਲਿਆਨ, 39 ਹੰਸ ਮੰਜਰੀ, 40 ਹੰਸ ਕੰਕਨੀ, 41 ਕੇਦਾਰਾ, 42 ਕਾਨੜਾ, 43 ਕਲਿਆਨ, 44 ਕਾਮੋਦ, 45 ਕਾਫ਼ੀ, 46 ਕੁਸਮ ਬਸੰਤ, 47 ਕਲਾਵਤੀ, 48 ਕੋਮਲ ਦੇਸੀ, 49 ਕਿਰਵਾਣੀ, 50 ਖੰਭਾਵਤੀ, 51 ਖੱਟ, 52 ਖਿਮਾਚ, 53 ਗਉੜੀ (ਕਈ ਪ੍ਰਕਾਰ ਦੀ),54 ਗੂਜਰੀ, 55 ਗੌਂਡ ਸਾਰੰਗ, 56 ਗੌਂਡ ਕਰੀ, 57 ਗੁਣ ਕਲੀ, 58 ਗੁੰਡ 59 ਗੌਂਡ ਮਲ੍ਹਾਰ, 60 ਚੰਪਕ, 61 ਚੰਦਰ ਕੌਂਸ, 62 ਚਾਰੂ ਕੇਸ਼ੀ, 63 ਛਾਇਆ ਨਟ, 64 ਜੈਤਸਰੀ, 65 ਜੈਜਾਵੰਤੀ (ਚਾਰ ਪ੍ਰਕਾਰ ਦੀ ), 66 ਜੌਨਪੁਰੀ, 67 ਜਲਧਰ ਕੇਦਾਰ, 68 ਜਨ ਰੰਜਨੀ, 69 ਜੋਗ, 70 ਜੈਤ, 71 ਜੋਗੀਆ, 72 ਝਿੰਝੋਟੀ, 73 ਝੀਲਫ, 74 ਟੋਡੀ, 75 ਤਿਲੰਗ, 76 ਤਿਲਕ ਕਾਮੋਦ, 77 ਦੇਵ ਗੰਧਾਰੀ, 78 ਦੇਸ, 79 ਦਰਬਾਰੀ, 80 ਦੇਵ ਰੰਜਨੀ, 81 ਦੇਵ ਗਿਰੀ ਬਿਲਾਵਲ, 82 ਦੁਰਗਾ (ਦੋ ਪ੍ਰਕਾਰ ਦੀ), 83 ਦੇਸਕਾਰ, 84 ਦੇਸੀ, 85 ਧਨਾਸਰੀ, 86 ਧਾਨੀ, 87 ਨਟ, 88 ਨਟ ਭੈਰਵ, 89 ਨਟ ਮਲ੍ਹਾਰ, 90 ਨਟ ਬਿਹਾਗ, 91 ਨਾਇਕੀ ਕਾਨੜਾ, 92 ਪੂਰਬੀ, 93 ਪਦ ਦੀਪਕੀ, 94 ਪੰਚਮ, 95 ਪਟ ਮੰਜਰੀ, 96 ਪਰਜ, 97 ਪੂਰੀਆ, 98 ਪੀਲੂ, 99 ਪਹਾੜੀ, 100 ਪਟ ਬਿਹਾਗ, 101 ਪੂਰੀਆ ਧਨਾਸਰੀ, 102 ਬਿਹਾਗੜਾ, 103 ਬੈਰਾੜੀ, 104 ਬਿਲਾਵਲ, 105 ਬਸੰਤ (ਕਈ ਪ੍ਰਕਾਰ ਦੀ), 106 ਬਗੇਸ਼ਰੀ (ਕਈ ਪ੍ਰਕਾਰ ਦੀ), 107 ਬਿਹਾਗ, 108 ਬਿੰਦ੍ਰਾ ਬਨੀ ਸਾਰੰਗ, 109 ਬਹਾਰ, 110 ਬਸੰਤ ਹਿੰਡੋਲ,111ਬੰਗਾਲ, 112 ਬੈਰਾਗੀ ਭੈਰਵ, 113 ਬਿਭਾਸ, 114 ਬਰਵਾ, 115 ਬਿਲਾਸਖਾਨੀ, 116 ਭੈਰਵ, 117 ਭੀਮ ਪਲਾਸੀ, 118 ਭੂਪਾਲੀ, 119 ਭੈਰਵੀ (ਕਈ ਪ੍ਰਕਾਰ ਦੀ), 120 ਭਾਸਕਰ, 121 ਭੀਖਕ, 122 ਭਟਿਹਾਰ, 123 ਮਾਝ, 124 ਮਾਲੀ ਗਉੜਾ, 125 ਮਾਰੂ, 126 ਮਲ੍ਹਾਰ (ਕਈ ਪ੍ਰਕਾਰ ਦੀ), 127 ਮਾਲਕੌਂਸ, 128 ਮੀਆਂ ਮਲ੍ਹਾਰ, 129 ਮੁਲਤਾਨੀ, 130 ਮਾਰਵਾ, 131 ਮੇਘ, 132 ਮਧੂ ਕੌਂਸ, 133 ਮਾਲ ਗੂੰਜੀ, 134 ਮੇਘ ਰੰਜਨੀ, 135 ਮੀਰਾਂ ਮਲ੍ਹਾਰ, 136 ਮੀਆਂ ਕਾ ਸਾਰੰਗ, 137 ਮਾਂਡ, 138 ਮਧੁ ਰੰਜਨੀ, 139 ਮਾਲ ਗਿਰੀ 140 ਮਧਵੰਤੀ, 141 ਮੇਘ ਮਲ੍ਹਾਰ, 142 ਮਾਰੂ ਬਿਹਾਗ, 143 ਰਾਮਕਲੀ, 144 ਰਾਗੇਸ਼ਵਰੀ, 145 ਰੇਵਾ, 146 ਰੁਦ੍ਰ ਮੰਜਰੀ, 147 ਯਮਨ ਬਿਲਾਵਲ, 148 ਰਾਮਦਾਸੀ ਮਲ੍ਹਾਰ, 149 ਰਸ ਮੰਜਰੀ, 150 ਲਲਿਤ, 151 ਲਛਾ ਸਾਖ਼, 152 ਵਡਹੰਸ, 153 ਵਾਚਸਪਤੀ॥

ਇਹ ਉਹ ਰਾਗ ਹਨ ਜਿਨ੍ਹਾਂ ਬਾਰੇ ਭਾਈ ਸਾਹਿਬ ਆਪ ਮੈਨੂੰ ਦਸਦੇ ਰਹੇ ਤੇ ਜਾਂ ਮੈਂ ਉਹਨਾਂ ਕੋਲੋਂ ਕੁਛ ਸੁਣੇ ਅਤੇ ਸਿੱਖੇ ਵੀ ਹਨ।

ਭਾਈ ਸਾਹਿਬ ਦੱਸਦੇ ਹਨ - ਅਖੀਰ ਜਦੋਂ ਪਿਤਾ ਜੀ ਨੇ ਸਮਝ ਲਿਆ ਕਿ ਮੈਂ ਆਪਣੀ ਮਿਹਨਤ ਤੇ ਲਗਨ ਸਦਕਾ ਰਾਗੀ ਬਣ ਗਿਆ ਹਾਂ ਤਾਂ ਉਹ ਮੈਨੂੰ ਕਮੇਟੀ ਕੋਲ ਅੰਮ੍ਰਿਤਸਰ ਲੈ ਗਏ। ਕਮੇਟੀ ਨੇ ਇਹਨਾਂ ਦੀ ਸੇਵਾ ਬਾਬਾ ਅਟੱਲ ਜੀ ਦੇ ਗੁਰਦੁਆਰੇ ਲਾਈ। ਇਹਨਾਂ ਦੀ ਡਿਊਟੀ ਬਿਲਾਵਲ ਦੀ ਚੌਂਕੀ ਦਾ ਕੀਰਤਨ ਕਰਨ ਵਾਸਤੇ ਲਾਈ ਅਤੇ ਇਹਨਾਂ ਦੇ ਪਿਤਾ ਜੀ ਨਾਲ ਤਾਨਪੁਰਾ ਲੈ ਕੇ ਬੈਠੇ। ਉਹਨੀਂ ਦਿਨੀ ਭਾਈ ਸੁਮੰਦ ਸਿੰਘ ਜੀ ਸ੍ਰੀ ਨਨਕਾਣਾ ਸਾਹਿਬ ਜੀ ਦੇ ਹਜ਼ੂਰੀ ਰਾਗੀ ਸਨ। ਭਾਈ ਸੰਤੋਖ ਸਿੰਘ ਜੀ ਜਦੋਂ ਵੀ ਨਨਕਾਣਾ ਸਾਹਿਬ (ਤਕਰੀਬਨ ਹਰ ਸਾਲ) ਜਾਂਦੇ ਸਨ ਤਾ ਭਾਈ ਸੁਮੰਦ ਸਿੰਘ ਜੀ ਆਪਣੀ ਥਾਂ ਕੀਰਤਨ ਕਰਨ ਲਈ ਇਹਨਾਂ ਨੂੰ ਬਿਠਾ ਦਿੰਦੇ ਅਤੇ ਆਪ ਸਰੋਤਾ ਬਣ ਜਾਂਦੇ। ਉਦੋਂ ਤੋਂ ਹੀ ਭਾਈ ਸਮੁੰਦ ਸਿੰਘ ਜੀ ਦਾ ਤੇ ਭਾਈ ਸੰਤੋਖ ਸਿੰਘ ਜੀ ਦਾ ਆਪਸ ਵਿਚ ਬਹੁਤ ਪਿਆਰ ਸੀ। ਇਹ ਦੋਵੇਂ ਹੀ ਮਹਾਂ ਪੁਰਸ਼ ਇਕ ਦੂਜੇ ਦਾ ਬਹੁਤ ਸਤਿਕਾਰ ਕਰਦੇ ਸਨ। ਜੇ ਕਿਤੇ ਭਾਈ ਸਮੁੰਦ ਸਿੰਘ ਜੀ ਕੋਈ ਪ੍ਰੋਗਰਾਮ ਕਰਨ ਤਾਂ ਉਹ ਭਾਈ ਸੰਤੋਖ ਸਿੰਘ ਜੀ ਨੂੰ ਜਰੂਰ ਬੁਲਾਂਦੇ ਸਨ ਤੇ ਜੇ ਕਿਤੇ ਭਾਈ ਸੰਤੋਖ ਸਿੰਘ ਜੀ ਕੋਈ ਪ੍ਰੋਗਰਾਮ ਕਰਵਾਣ ਤਾਂ ਉਹ ਭਾਈ ਸਮੁੰਦ ਸਿੰਘ ਜੀ ਨੂੰ ਜਰੂਰ ਬੁਲਾਂਦੇ ਸਨ। ਮੈਨੂੰ ਇਕ ਵਾਕਿਆ ਚੰਗੀ ਤਰ੍ਹਾਂ ਯਾਦ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਦਿਵਸ ਆਉਣ ਵਾਲਾ ਸੀ ਉਹਨੀਂ ਦਿਨੀਂ ਲੁਧਿਆਣਾ ਵਿਖੇ ਇਕ ਕੀਰਤਨ ਦਰਬਾਰ ਦਾ ਪ੍ਰੋਗਰਾਮ ਰੱਖਿਆ ਗਿਆ ਜਿਸ ਵਿਚ ਉਸ ਸਮੇਂ ਦੇ ਸਭ ਉਚ ਕੋਟੀ ਦੇ ਜਥੇ ਸ਼ਾਮਿਲ ਹੋਏ ਸਨ ਜਿੰਨ੍ਹਾਂ ਵਿਚ ਭਾਈ ਸਮੁੰਦ ਸਿੰਘ ਤੋਂ ਇਲਾਵਾ ਭਾਈ ਧਰਮ ਸਿੰਘ ਜ਼ਖ਼ਮੀ, ਸੰਤ ਬਹਾਦਰ ਸਿੰਘ ਜਲੰਧਰ ਵਾਲੇ, ਭਾਈ ਸੰਤਾ ਸਿੰਘ ਕਮਲ, ਕਰਤਾਰ ਸਿੰਘ ਨਨਕਾਣਾ ਸਾਹਿਬ ਵਾਲੇ,ਭਾਈ ਪਾਲ ਸਿੰਘ ਜਸਵੰਤ ਸਿੰਘ ਪਟਿਆਲੇ ਵਾਲੇ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦਿੱਲੀ ਸੀਸ ਗੰਜ ਵਾਲੇ ਤੋਂ ਇਲਾਵਾ

ਭਾਈ ਸੰਤੋਖ ਸਿੰਘ ਜੀ ਨੂੰ ਸੱਦਿਆ ਗਿਆ। ਦਾਸ ਉਦੋਂ ਭਾਈ ਸਾਹਿਬ ਨਾਲ ਸਹਾਇਕ ਰਾਗੀ ਸੀ। ਇਹਨਾਂ ਵਿਚੋਂ ਕੁਝ ਜਥੇ ਜੋ ਕਿ ਦਿਲਰੁਬਾ ਨਾਲ ਵੀ ਕੀਰਤਨ ਕਰਦੇ ਸਨ। ਇਹਨਾਂ ਸਭ ਦਾ ਪ੍ਰੋਗਰਾਮ ਸੀ ਤੇ ਸਭ ਰਾਗੀ ਜਥਿਆਂ ਨੇ ਦੋ-ਦੋ ਸ਼ਬਦ ਗਾਇਨ ਕਰਨੇ ਸਨ। ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦਾ ਸ਼ਬਦ ਹੋਵੇ ਤੇ ਜਿਸ ਰਾਗ ਵਿਚ ਸਾਹਿਬ ਜੀ ਨੇ ਉਚਾਰਿਆ ਹੋਵੇ ਉਸੇ ਹੀ ਰਾਗ ਵਿਚ ਗਾਇਆ ਜਾਣਾ ਸੀ। ਇਸ ਪ੍ਰੋਗਰਾਮ ਵਿਚ ਸਭ ਤੋਂ ਆਖਰੀ ਵਾਰੀ ਭਾਈ ਸੰਤੋਖ ਸਿੰਘ ਜੀ ਦੀ ਸੀ। ਸੋ ਜਦੋਂ ਭਾਈ ਸਾਹਿਬ ਜੀ ਕੀਰਤਨ ਸ਼ੁਰੂ ਕਰਨ ਲੱਗੇ ਤਾਂ ਜਿੰਨੇ ਵੀ ਰਾਗੀ ਸਿੰਘ ਆਏ ਹੋਏ ਸਨ ਸਾਰੇ ਦੇ ਸਾਰੇ ਹੀ ਭਾਈ ਸਾਹਿਬ ਨੂੰ ਸੁਣਨ ਲਈ ਸਾਹਮਣੇ ਬੈਠ ਗਏ, ਵਿਚਕਾਰ ਭਾਈ ਸਮੁੰਦ ਸਿੰਘ ਜੀ ਬੈਠੇ ਸਨ ਤੇ ਬਾਕੀ ਸਾਰੇ ਰਾਗੀ ਉਹਨਾਂ ਦੇ ਦੁਆਲੇ ਬੈਠ ਗਏ। ਭਾਈ ਸੰਤੋਖ ਸਿੰਘ ਜੀ ਨੇ ਦੋ ਸ਼ਬਦ ਇੱਕ ਰਾਗ ਤਿਲੰਗ ਵਿਚ ਅਤੇ ਇਕ ਰਾਗ ਸੂਹੀ ਵਿਚੋਂ ਗਾਇਨ ਕੀਤੇ। ਭਾਈ ਸਾਹਿਬ ਜੀ ਹਾਰਮੋਨੀਅਮ ਵੀ ਬਹੁਤ ਕਮਾਲ ਦਾ ਵਜਾਂਉਂਦੇ ਸਨ, ਖਾਲੀ ਪੀਸ ਉਹ ਹਰ ਵਾਰ ਨਵੇਂ ਤੋਂ ਨਵਾਂ ਵਜਾਉਂਦੇ ਸਨ। ਐਸਾ ਗਾਇਆ ਕਿ ਭਾਈ ਸਾਹਿਬ ਛਾਅ ਗਏ ਸਭ ਰਾਗੀਆਂ ਤੇ। ਅਤੇ ਭਾਈ ਸਾਹਿਬ ਦੀ ਗਾਇਕੀ ਸੁਣ ਕੇ ਭਾਈ ਸਮੁੰਦ ਸਿੰਘ ਜੀ ਜੋ ਸਾਹਮਣੇ ਬੈਠੇ ਸੁਣ ਰਹੇ ਸਨ, ਸਭ ਰਾਗੀਆਂ ਨੂੰ ਮੁਖਾਤਿਬ ਕਰਕੇ ਕਹਿਣ ਲਗੇ ਕਿ ਦੇਖੋ ਇਸ ਨੂੰ ਕਹਿੰਦੇ ਹਨ ਗਾਇਕੀ। ਤੁਸੀਂ ਕੋਈ ਦਿਲ ਰੁਬਾ ਲਈ ਫਿਰਦੇ ਹੋ, ਕੋਈ ਤਾਨਪੁਰਾ ਤੇ ਕੋਈ ਵਾਇਲਨ ਵਜਾ ਰਹੇ ਸੀ, ਔਹ ਦੇਖੋ ਭਾਈ ਸੰਤੋਖ ਸਿੰਘ ਜੀ ਨੇ ਵਾਜੇ ਵਿਚੋਂ ਹੀ ਸਾਰੇ ਸਾਜ਼ ਵਜਾ ਦਿੱਤੇ ਹਨ ਤੇ ਸਭ ਤੇ ਛਾਅ ਗਏ ਹਨ, ਇਸ ਨੂੰ ਕਹਿੰਦੇ ਹਨ ਗਾਇਕੀ।

ਇਸੇ ਤਰ੍ਹਾਂ ਫਿਰ ਇਕ ਵਾਰ ਭਾਈ ਸੰਤੋਖ ਸਿੰਘ ਜੀ ਨੇ ਅੰਬਾਲਾ ਛਾਉਣੀ ਤੇ ਸ਼ਹਿਰ ਦੇ ਸਾਰੇ ਰਾਗੀ ਸਿੰਘਾਂ ਦੀ ਮੀਟਿੰਗ ਬੁਲਾਈ ਤੇ ਉਸ ਸਭਾ ਵਿਚ ਦੋਹਾਂ ਸ਼ਹਿਰਾਂ ਦੇ ਰਾਗੀ ਸਿੰਘਾਂ ਨੇ ਮਿਲ ਕੇ ਰਾਗੀ ਸਭਾ ਕਾਇਮ ਕੀਤੀ। ਭਾਈ ਸੰਤੋਖ ਸਿੰਘ ਜੀ ਨੂੰ ਰਾਗੀ ਸਭਾ ਦਾ ਪ੍ਰਧਾਨ ਥਾਪਿਆ ਗਿਆ। ਉਸ ਰਾਗੀ ਸਭਾ ਨੇ ਇਕ ਗੁਰਮਤਿ ਸਮਾਗਮ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਰੱਖਿਆ ਉਸ ਵਿਚ ਭਾਈ ਸੰਤੋਖ ਸਿੰਘ ਜੀ ਨੇ ਭਾਈ ਸਮੁੰਦ ਸਿੰਘ ਤੇ ਭਾਈ ਧਰਮ ਸਿੰਘ ਜ਼ਖਮੀ ਜੀ ਨੂੰ ਉਚੇਚੇ ਤੌਰ ਤੇ ਸੱਦਾ ਦਿੱਤਾ ਅਤੇ ਬਾਕੀ ਸਭ ਅੰਬਾਲਾ ਸ਼ਹਿਰ ਅਤੇ ਛਾਉਣੀ ਦੇ ਲੋਕਲ ਰਾਗੀ ਜਥੇ ਸਨ। ਬਹੁਤ ਅੱਛਾ ਪ੍ਰੋਗਰਾਮ ਚੱਲਿਆ ਅਤੇ ਭਾਈ ਸਾਹਿਬ ਜੀ ਨੇ ਆਪ ਉਹਦੇ ਵਿਚ ਹਿੱਸਾ ਨਹੀਂ ਲਿਆ ਬਸ ਉਹਨਾਂ ਨੂੰ ਸੁਣਦੇ ਰਹੇ ਤੇ ਰਾਗੀ ਸਿੰਘਾਂ ਦੀ ਸੇਵਾ ਹੀ ਕਰਦੇ ਰਹੇ। ਅਖੀਰ ਵਿਚ ਸਾਰੇ ਰਾਗੀ ਸਿੰਘਾਂ ਨੇ ਜ਼ੋਰ ਦਿੱਤਾ ਕਿ ਭਾਈ ਸਾਹਿਬ ਜੀ ਵੀ ਹਾਜ਼ਰੀ ਭਰਨ ਤੇ ਸੰਗਤ ਨੂੰ ਕੀਰਤਨ ਸੁਣਾਨ। ਸੋ ਸਭ ਰਾਗੀ ਸਿੰਘਾਂ ਦੇ ਜ਼ੋਰ ਦੇਣ ਤੇ ਆਪ ਜੀ ਨੇ ਕੀਰਤਨ ਸੁਣਾਇਆ। ਜਦੋਂ ਭਾਈ ਸਾਹਿਬ ਸਟੇਜ ਤੇ ਬੈਠ ਗਏ ਤਾਂ ਭਾਈ ਸਮੁੰਦ ਸਿੰਘ , ਧਰਮ ਸਿੰਘ ਜ਼ਖ਼ਮੀ ਤੇ ਹੋਰ ਰਾਗੀ ਸਾਹਮਣੇ ਸੁਣਨ ਵਾਸਤੇ ਬੈਠ ਗਏ। ਭਾਈ ਸਾਹਿਹਾ ਵਿਚ ਇਕ ਇਹ ਵਿਸ਼ੇਸ਼ਤਾ ਸੀ ਕਿ ਆਪ ਕੀਰਤਨ ਆਰੰਭ ਕਰਨ ਵੇਲੇ ਇਕਤਾਲੇ ਦਾ ਠੇਕਾ ਤਬਲੇ ਤੇ ਰਖਾ ਕੇ, ਡੰਡਾਉਤ ਬੰਦਨਾਂ ਖਿਆਲ ਸ਼ੈਲੀ ਵਿਚ ਗਾਇਨ ਕਰਦਿਆਂ ਰਾਗ ਦਾ ਪੂਰਾ ਸਰੂਪ ਬਣਾ ਦਿੰਦੇ ਸਨ ਤੇ ਘੱਟੋ- ਘੱਟ ਅੱਧਾ ਘੰਟਾ ਰਾਗਦਾਰੀ ਕੀਰਤਨ ਕਰਦੇ ਸਨ। ਭਾਈ ਸਾਹਿਬ ਨੇ ਰਾਗ ਭੈਰਵੀ ਸ਼ੁਰੂ ਕੀਤਾ ਤੇ ਅੱਧਾ ਘੰਟਾ ਸਿਰਫ ਰਾਗ ਭੈਰਵੀ ਵਿਚ ਹੀ ਇਕ ਸ਼ਬਦ ਪੜ੍ਹਿਆ ਤੇ ਉਸ ਵਿਚ ਤਕਰੀਬਨ ਦਸ ਪ੍ਰਕਾਰ ਦੀ ਭੈਰਵੀ ਭਾਈ ਸਾਹਿਬ ਨੇ ਗਾ ਕੇ ਸੁਣਾਈ ਅਤੇ ਫਿਰ ਇਹ ਵੀ ਦੱਸਿਆ ਕਿ ਉਤਰੀ ਭਾਰਤ, ਦੱਖਣੀ ਭਾਰਤ, ਬੰਗਾਲ ਅਤੇ ਪੰਜਾਬ ਵਿਚ ਕਿਵੇਂ-ਕਿਵੇਂ ਗਾਈ ਜਾਂਦੀ ਹੈ। ਉਹਨਾਂ ਐਸਾ ਸਮਾਂ ਬੰਨਿਆ ਕਿ ਭਾਈ ਸਮੁੰਦ ਸਿੰਘ ਜੀ ਤੇ ਭਾਈ ਧਰਮ ਸਿੰਘ ਜ਼ਖਮੀ ਜੀ ਦੋਹਾਂ ਨੇ ਉਠ ਕੇ ਪੰਜ-ਪੰਜ ਸੌ ਰੁਪਏ ਭਾਈ ਸਾਹਿਬ ਦੇ ਵਾਜੇ ਤੇ ਭੇਟਾ ਵਜੋਂ ਰੱਖੇ।

ਇਸ ਤੋਂ ਬਾਅਦ ਸੰਨ 70 ਦੇ ਜੂਨ ਵਿਚ ਭਾਈ ਸਾਹਿਬ ਜੀ ਨੇ ਪੰਜਾਬੀ ਗੁਰਦੁਆਰੇ ਤੋਂ ਡਿਊਟੀ ਛੱਡ ਦਿੱਤੀ ਹੋਈ ਸੀ ਤਾਂ ਅਸੀਂ ਦਿੱਲੀ ਚਲੇ ਗਏ ਤੇ ਉਥੇ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬਾਹਰ ਜੋੜੇ ਖਾਨੇ ਕੋਲ ਇਕ ਇਸ਼ਤਿਹਾਰ ਲੱਗਾ ਹੋਇਆ ਸੀ। ਉਹ ਇਸ਼ਤਿਹਾਰ ਭਾਈ ਸਾਹਿਬ ਪੜ੍ਹਨ ਲਗ ਪਏ। ਇਹ ਇਸ਼ਤਿਹਾਰ ਦਿੱਲੀ ਦੇ ਸਾਰੇ ਰਾਗੀ ਜਥਿਆਂ ਤੇ ਰਾਗੀ ਸਭਾ ਵੱਲੋਂ ਸੀ। ਉਸ ਵਿਚ ਕੀਰਤੀ ਨਗਰ ਵਿਖੇ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਦੇ ਸਬੰਧ ਵਿਚ ਕੀਰਤਨ ਦਰਬਾਰ ਰਾਗੀ ਸਭਾ ਵੱਲੋਂ ਕਰਵਾਇਆ ਜਾ ਰਿਹਾ ਸੀ ਜਿਸ ਵਿਚ ਦਿੱਲੀ ਦੇ ਸਭ ਰਾਗੀ ਸਿੰਘ ਨਾਮੀ ਰਾਗੀ ਭਾਗ ਲੈ ਰਹੇ ਸਨ ਅਤੇ ਉਸ ਵਿਚ ਫਸਟ, ਸੈਕਿੰਡ ਅਤੇ ਥਰਡ ਦੇ ਇਨਾਮ ਵੀ ਰੱਖੇ ਗਏ ਸਨ। ਇਸ਼ਤਿਹਾਰ ਪੜ੍ਹ ਕੇ ਭਾਈ ਸਾਹਿਬ

ਸਾਨੂੰ ਕਹਿਣ ਲਗੇ ਕਿ ਚਲੋ ਆਪਾਂ ਵੀ ਚੱਲੀਏ ਤਾਂ ਮੈਂ ਕਿਹਾ ਕਿ ਭਾਈ ਸਾਹਿਬ ਜੀ ਆਪਾਂ ਨੂੰ ਕਿਹੜਾ ਉਹਨਾਂ ਨੇ ਬੁਲਾਇਆ ਹੈ, ਇਸ ਲਈ ਆਪਣਾ ਆਪੇ ਜਾਣਾ ਚੰਗਾ ਨਹੀਂ ਲਗਦਾ। ਭਾਈ ਸਾਹਿਬ ਕਹਿਣ ਲਗੇ ਕਿ ਸੰਗਤ ਨੂੰ ਕਿਹੜਾ ਕੋਈ ਚਿੱਠੀਆਂ ਪਾਂਦਾ ਹੈ, ਸੁਣਨ ਵਾਲੇ ਆਪੇ ਹੀ ਜਾਂਦੇ ਹਨ। ਉਥੇ ਇੰਨੇ ਸਿਆਣੇ-ਸਿਆਣੇ ਰਾਗੀ ਆਏ ਹੋਣਗੇ ਆਪਾਂ ਹੋਰ ਨਹੀਂ ਤਾਂ ਸੁਣ ਹੀ ਆਵਾਂਗੇ। ਅਸੀਂ ਕਿਹਾ ਜਿਵੇਂ ਆਪ ਦੀ ਇੱਛਾ। ਅਸੀਂ ਉਥੇ ਪਹੁੰਚ ਗਏ। ਰਾਤ ਦਾ ਦੀਵਾਨ ਸੀ। ਬੜਾ ਵੱਡਾ ਹਾਲ ਖਚਾ-ਖਚ ਭਰਿਆ ਹੋਇਆ ਸੀ। ਕਿਉਂ ਕਿ ਦਿੱਲੀ ਦੇ ਸਭ ਮਸ਼ਹੂਰ ਰਾਗੀ ਜਥੇ ਆਏ ਹੋਏ ਸਨ। ਭਾਈ ਇੰਦਰ ਸਿੰਘ ਜੀ ਗੁਜਰਾਂ ਵਾਲੇ ਉਦੋਂ ਰਾਗੀ ਸਭਾ ਦੇ ਪ੍ਰਧਾਨ ਸਨ। ਰਾਤ ਦਾ ਸਮਾਂ ਸੀ ਤੇ ਤਕਰੀਬਨ ਕਾਫ਼ੀ ਰਾਗੀ ਕੀਰਤਨ ਕਰ ਚੁੱਕੇ ਸਨ ਅਤੇ ਅਸੀਂ ਵੀ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਏ। ਸਭ ਰਾਗੀ ਸਿੰਘਾਂ ਦੀ ਇਹ ਰਾਇ ਸੀ ਕਿ ਇਸ ਵਾਰੀ ਭਾਈ ਦਵਿੰਦਰ ਸਿੰਘ ਪ੍ਰੋਫੈਸਰ ਸਭ ਤੋਂ ਵਧੀਆ ਗਾ ਰਹੇ ਹਨ ਇਸ ਲਈ ਫਸਟ ਇਨਾਮ ਉਹਨਾਂ ਨੂੰ ਹੀ ਮਿਲੇਗਾ। ਸੋ ਜਦੋਂ ਹੋਰ ਸਭ ਰਾਗੀ ਕੀਰਤਨ ਕਰ ਚੁੱਕੇ ਤਾਂ ਭਾਈ ਇੰਦਰ ਸਿੰਘ ਜੀ ਪ੍ਰਧਾਨ ਰਾਗੀ ਸਭਾ ਉਠੇ ਤੇ ਉਹਨਾਂ ਅਨਾਊਂਸ ਕੀਤਾ ਕਿ ਸਾਧ ਸੰਗਤ ਜੀ ਤੁਸੀਂ ਦਸ-ਪੰਦਰਾਂ ਮਿੰਟ ਹੋਰ ਸਮਾਂ ਦੇਣਾ ਹੈ ਕਿਉਂ ਕਿ ਭਾਈ ਸੰਤੋਖ ਸਿੰਘ ਜੀ ਕੁਦਰਤੀ ਆ ਗਏ ਹਨ ਸੋ ਅਸੀਂ ਚਾਹੁੰਦੇ ਹਾਂ ਕਿ ਉਹ ਵੀ ਦਸ ਕੁ ਮਿੰਟ ਕੀਰਤਨ ਦੀ ਹਾਜ਼ਰੀ ਲਾਉਣ। ਭਾਈ ਸੰਤੋਖ ਸਿੰਘ ਜੀ ਨੇ ਬੜਾ ਮਨ੍ਹਾਂ ਕੀਤਾ ਕਿ ਅਸੀਂ ਤਾਂ ਸੁਣਨ ਲਈ ਆਏ ਹਾਂ ਪਰ ਸਾਰੇ ਰਾਗੀ ਸਿੰਘਾਂ ਦੇ ਜੋਰ ਦੇਣ ਤੇ ਭਾਈ ਸਾਹਿਬ ਮੰਨ ਗਏ ਅਤੇ ਸਟੇਜ ਤੇ ਬੈਠ ਗਏ। ਉਹਨੀਂ ਦਿਨੀਂ ਭਾਈ ਕਰਤਾਰ ਸਿੰਘ ਭਾਈ ਸਾਹਿਬ ਨਾਲ ਤਬਲੇ ਵਾਲਾ ਹੁੰਦਾ ਸੀ ਜੋ ਕਿ ਸਿੰਘਾਂ ਵਾਲੇ ਦੇ ਵਿਦਿਆਲੇ ਦਾ ਸਿੱਖਿਆ ਹੋਇਆ ਸੀ। ਤਬਲਾ ਚੰਗਾ ਵਜਾਂਦਾ ਸੀ ਤੇ ਸਿਆਣਾ ਵੀ ਸੀ। ਰਾਤ ਦਾ ਸਮਾਂ ਸੀ ਤੇ ਟਿਕਿਆ ਹੋਇਆ ਮਹੌਲ ਸੀ। ਭਾਈ ਸਾਹਿਬ ਜੀ ਨੇ ਰਾਗ ਦਰਬਾਰੀ ਸ਼ੁਰੂ ਕੀਤਾ ਤੇ ਦਸ ਮਿੰਟ ਦੇ ਸਮੇਂ ਵਿਚ ਹੀ ਰਹਿ ਕੇ ਚਾਰ ਬੰਦਸ਼ਾਂ ਵੱਖੋ-ਵੱਖ ਤਾਲਾਂ ਵਿਚ ਰਾਗ ਦਰਬਾਰੀ ਵਿਚ ਹੀ ਸੁਣਾਈਆਂ। ਹੁਣ ਉਥੇ ਜੋ ਨੰਬਰ ਦੇਣ ਵਾਲੇ ਸੱਜਣ ਬੈਠੇ ਸਨ , ਸੁਣ ਕੇ ਸੋਚਣ ਲਗੇ ਕਿ ਹੁਣ ਕੀ ਕਰੀਏ ਸਾਨੂੰ ਸਾਰਾ ਨਿਰਣਾ ਬਦਲਣਾ ਪੈਣਾ ਹੈ। ਪਰ ਕਿਉਂ ਕਿ ਸਚਾਈ ਅਤੇ ਅਸੂਲ ਸਭ ਲਈ ਇਕੋ ਜਿਹਾ ਹੁੰਦਾ ਹੈ ਸੋ ਜੱਜਾਂ ਨੇ ਭਾਈ ਸੰਤੋਖ ਸਿੰਘ ਜੀ ਨੂੰ ਫਸਟ ਗਰੇਡ ਦਿੱਤਾ ਤੇ ਅਨਾਊਂਸ ਕਰ ਦਿੱਤਾ, ਭਾਈ ਦਵਿੰਦਰ ਸਿੰਘ ਪ੍ਰੋਫੇਸਰ ਨੂੰ ਸੈਕਿੰਡ ਗਰੇਡ ਦਿੱਤਾ। ਪਰ ਸਾਰੇ ਇਨਾਮਾਂ ਦੀ ਵੰਡ ਹੋਣ ਤੋਂ ਬਾਅਦ ਭਾਈ ਸੰਤੋਖ ਸਿੰਘ ਜੀ ਨੇ ਸੰਗਤ ਵਿਚ ਕਿਹਾ ਕਿ ਮੈਂ ਤਾਂ ਸਿਰਫ ਸੁਣਨ ਲਈ ਹੀ ਆਇਆ ਸਾਂ ਸੋ ਮੈਂ ਇਸ ਇਨਾਮ ਦਾ ਹੱਕਦਾਰ ਨਹੀਂ ਹਾਂ ਅਤੇ ਮੈਂ ਕਿਸੇ ਦਾ ਹੱਕ ਵੀ ਨਹੀਂ ਮਾਰਨਾ ਚਾਹੁੰਦਾ। ਸੋ ਮੈਂ ਇਹ ਉਪਾਧੀ ਪ੍ਰੋਫੈਸਰ ਦਵਿੰਦਰ ਸਿੰਘ ਜੀ ਨੂੰ ਹੀ ਅਰਪਨ ਕਰਦਾ ਹਾਂ ਜੋ ਇਸ ਦੇ ਹੱਕਦਾਰ ਹਨ। ਇਹ ਦੇਖ ਕੇ ਸਾਰੀ ਸੰਗਤ ਨੇ ਭਾਈ ਸਾਹਿਬ ਦੇ ਇਸ ਕਾਰਜ ਤੋਂ ਖੁਸ਼ ਹੋ ਕੇ ਜੈਕਾਰੇ ਛੱਡ ਦਿੱਤੇ। ਫਿਰ ਵੀ ਭਾਈ ਸੰਤੋਖ ਸਿੰਘ ਤੇ ਭਾਈ ਦਵਿੰਦਰ ਸਿੰਘ ਦੋਹਾਂ ਨੂੰ ਹੀ ਸਭਾ ਨੇ ਇਕੋ ਜਿਹਾ ਸਨਮਾਨਿਤ ਕਰ ਦਿੱਤਾ।

ਭਾਈ ਸੰਤੋਖ ਸਿੰਘ ਜੀ ਨੇ ਅੰਮ੍ਰਿਤਸਰ ਬਾਬਾ ਅਟੱਲ ਜੀ ਤੋਂ ਕੀਰਤਨ ਦੀ ਡਿਊਟੀ ਸ਼ੁਰੂ ਕਰਕੇ ਉਸ ਤੋਂ ਬਾਅਦ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ, ਫਿਰ ਫੈਜ਼ਾਬਾਦ, ਕਾਨ੍ਹਪੁਰ, ਡੇਹਰਾਦੂਨ, ਗੁਰਦੁਆਰਾ ਸਦਰ ਬਜ਼ਾਰ ਅੰਬਾਲਾ ਛਾਉਣੀ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ, ਪੰਜਾਬੀ ਗੁਰਦੁਆਰਾ ਅੰਬਾਲਾ ਛਾਉਣੀ, ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ, ਗੁਰਦੁਆਰਾ ਸਿੰਘ ਸਭਾ ਸੈਕਟਰ 19 ਡੀ. ਚੰਡੀਗੜ੍ਹ। ਚੰਡੀਗੜ੍ਹ ਰਹਿੰਦਿਆਂ ਹੀ ਆਪ ਜੀ ਨੇ ਆਪਣੀ ਪੱਕੀ ਰਿਹਾਇਸ਼ ਐਸ. ਏ. ਐਸ. ਨਗਰ ਮੁਹਾਲੀ ਵਿਖੇ ਫੇਸ ਇਕ ਵਿਚ ਕਰ ਲਈ ਤੇ ਜੀਵਨ ਦੇ ਅੰਤ ਸਮੇਂ ਤੱਕ ਆਪ ਜੀ ਇੱਥੇ ਹੀ ਰਹੇ।

ਆਪ ਜੀ ਦਾ ਵਿਆਹ ਪਾਕਿਸਤਾਨ ਬਣਨ ਤੋਂ ਬਾਅਦ ਜਲੰਧਰ ਵਿਖੇ, ਬੀਬੀ ਕੁਲਵੰਤ ਕੌਰ ਨਾਲ ਹੋਇਆ ਸੀ। ਜਿਸ ਵਿਚੋਂ ਆਪ ਜੀ ਦੀਆਂ ਸੱਤ ਸੰਤਾਨਾਂ ਸਨ, ਤਿੰਨ ਲੜਕੇ ਅਤੇ ਚਾਰ ਲੜਕੀਆਂ। ਵੱਡਾ ਲੜਕਾ ਜੋ ਬਲਵਿੰਦਰ ਸਿੰਘ ਕੁਕੂ ਸੀ ਭਾਈ ਸਾਹਿਬ ਨੇ ਉਸ ਨੂੰ ਕੀਰਤਨ ਲਾਈਨ ਵਿਚ ਪਾਇਆ ਸੀ ਪਰ ਉਹ ਕਾਮਯਾਬ ਨਹੀਂ ਹੋ ਸਕਿਆ ਤੇ ਭੈੜੀ ਸੰਗਤ ਵਿਚ ਪੈ ਕੇ ਆਪਣਾ ਜੀਵਨ ਖਰਾਬ ਕਰ ਬੈਠਾ। ਬਾਕੀ ਚਾਰ ਲੜਕੀਆਂ ਤੇ ਦੋ ਲੜਕਿਆਂ ਨੂੰ ਭਾਈ ਸਾਹਿਬ ਆਪਣੇ ਹੱਥੀਂ ਵਿਆਹ ਗਏ ਸਨ, ਸਭ ਆਪੋ-ਆਪਣੇ ਘਰ ਖੁਸ਼ ਹਨ।

ਦਾਸ ਨੇ ਭਾਵੇਂ ਉਹਨਾਂ ਨਾਲ ਉਸਤਾਦੀ ਸ਼ਾਗਿਰਦੀ ਦੀ ਰਸਮ ਨਹੀਂ ਸੀ ਕੀਤੀ ,ਸਿਰਫ ਚੌਦਾਂ ਪੰਦਰਾਂ ਮਹੀਨੇ

ਸਹਾਇਕ ਬਣ ਕੇ ਹੀ ਸਾਥ ਦਿੱਤਾ ਸੀ। ਪਰ ਉਹਨਾਂ ਪ੍ਰਤੀ ਦਿਲ ਵਿਚ ਸਤਿਕਾਰ ਉਸਤਾਦ ਜਿੰਨਾ ਹੀ ਕਰਦਾ ਸੀ ਕਿਉਂ ਕਿ ਮੈਨੂੰ ਗਾਇਕੀ ਵਿਚ ਸੰਪੂਰਨ ਕਰਨ ਵਿਚ ਉਹਨਾਂ ਦਾ ਹੀ ਵਿਸ਼ੇਸ਼ ਯੋਗਦਾਨ ਸੀ। ਆਪ ਜੀ ਸਾਨੂੰ ਗਾਹੇ-ਬਗਾਹੇ ਸੰਗੀਤ ਦੀਆਂ ਬਾਰੀਕੀਆਂ ਬਾਰੇ ਸਮਝਾਂਦੇ ਰਹਿੰਦੇ ਸਨ। ਗਾਉਂਦੇ ਤਾਂ ਸਾਰੇ ਹੀ ਹਨ, ਰਾਗ ਵੀ ਉਹੀ ਹਨ ਤੇ ਗੁਰਬਾਣੀ ਵੀ ਉਹੀ ਹੈ, ਪਰ ਜਿਸ ਨੂੰ ਗਾਇਕੀ ਵਿਚ ਰੰਗ ਭਰਨਾ ਆ ਜਾਵੇ, ਉਹੀ ਸਫਲ ਸੰਗੀਤਕਾਰ ਜਾਂ ਰਾਗੀ ਹੈ।

ਆਪ ਜੀ ਕਲਾਸੀਕਲ ਅਤੇ ਸੁਗਮ ਸੰਗੀਤ ਦੇ ਬਹੁਤ ਮਾਹਿਰ ਸਨ। ਜੇ ਕਲਾਸੀਕਲ ਗਾਉਂਦੇ ਤਾਂ ਐਸਾ ਬਿਖੜਾ ਕਿ ਰੇਡੀਓ ਸਟੇਸ਼ਨਾਂ ਦੇ ਸਾਜਿੰਦੇ ਵੀ ਮੁਸ਼ਕਿਲ ਵਿਚ ਪੈ ਜਾਂਦੇ, ਅਤੇ ਜੇ ਸੁਗਮ ਸੰਗੀਤ ਗਾਉਣਾ ਤਾਂ ਐਸਾ ਗਾਉਣਾ ਕਿ ਆਮ ਪੇਂਡੂ ਲੋਕ, ਸੰਗੀਤ ਨੂੰ ਨਾ ਸਮਝਣ ਵਾਲੇ ਲੋਕ ਵੀ ਵਾਹ- ਵਾਹ ਕਰ ਉਠਦੇ ਸਨ। ਆਮ ਰਾਗੀ ਕਲਾਸੀਕਲ ਗਾਉਣ ਤਾਂ ਪੇਂਡੂ ਲੋਕ ਉਠ ਕੇ ਤੁਰ ਜਾਂਦੇ ਹਨ। ਪਰ ਭਾਈ ਸਾਹਿਬ ਪਿੰਡਾਂ ਵਿਚ ਵੀ ਐਸਾ ਕਲਾਸੀਕਲ ਗਾਉਂਦੇ ਸਨ ਕਿ ਆਮ ਪੇਂਡੂ ਲੋਕ ਵੀ ਆਪ ਜੀ ਤੋਂ ਫਰਮਾਇਸ਼ ਕਰਕੇ ਕਲਾਸੀਕਲ ਸੁਣਦੇ ਸਨ। ਆਪ ਜੀ ਵਿਆਖਿਆ ਵੀ ਬਹੁਤ ਕਮਾਲ ਦੀ ਕਰਦੇ ਸਨ। ਭਾਈ ਗੁਰਦਾਸ ਜੀ ਦੀ ਬਾਣੀ, ਵਾਰਾਂ ਤੇ ਕਬਿਤ ਸਵੱਯੇ ਆਪ ਜੀ ਨੂੰ ਬਹੁਤ ਸਾਰੇ ਯਾਦ ਸਨ।

ਕੀਰਤਨ ਦੇ ਨਾਲ-ਨਾਲ ਆਪ ਜੀ ਖਾਸ ਕਰਕੇ ਰਾਗੀਆਂ ਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਦੇ ਆਪਸੀ ਸਬੰਧਾਂ ਤੋਂ ਬਿਲਕੁਲ ਸੰਤੁਸ਼ਟ ਨਹੀਂ ਸਨ। ਸਮਾਂ ਪੈਣ ਤੇ ਪ੍ਰਬੰਧਕਾਂ ਨੂੰ ਖਰੀਆਂ-ਖਰੀਆਂ ਸੰਗਤ ਵਿਚ ਹੀ ਸੁਣਾ ਦੇਂਦੇ ਸਨ। ਇਸੇ ਲਈ ਕਈ ਪ੍ਰਬੰਧਕ ਆਪ ਜੀ ਤੋਂ ਡਰਦੇ ਵੀ ਸਨ। ਉਹ ਇਸ ਹੱਕ ਵਿਚ ਸਨ ਕਿ ਰਾਗੀ ਸਿੰਘਾਂ ਦੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਤੇ ਹੋਰ ਸਹੂਲਤਾਂ ਇਹਨਾਂ ਦੀ ਲੋੜ ਅਨੁਸਾਰ ਹੀ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਰਾਗੀ ਸਿੰਘ ਆਪਣੀ ਸਾਧਨਾ ਵਲ ਵਿਸ਼ੇਸ਼ ਧਿਆਨ ਦੇ ਸਕਣ।

ਅਖਬਾਰਾਂ ਪੜ੍ਹਨੀਆਂ ਤੇ ਉਹਨਾਂ ਦੀ ਕਟਿੰਗ ਰੱਖਣੀ, ਦੇਸ਼ ਬਾਰੇ ਵੀ ਸੋਚਣਾ ਅਤੇ ਸਿੱਖ ਕੌਮ ਬਾਰੇ ਵੀ ਸੋਚਣਾ ਉਹਨਾਂ ਦਾ ਖਾਸ ਸ਼ੌਕ ਸੀ।

ਐਸੀ ਗਾਇਕੀ ਕਿਸੇ ਵੀ ਰਾਗੀ ਦੇ ਭਾਗਾਂ ਵਿਚ ਨਹੀਂ ਹੋਣੀ ਜੋ ਭਾਈ ਸੰਤੋਖ ਸਿੰਘ ਜੀ ਗਾ ਗਏ ਹਨ। ਆਪ ਜੀ ਰੋਹਤਕ ਰੇਡੀਓ ਸਟੇਸ਼ਨ ਤੇ ਆਪਣਾ ਪ੍ਰੋਗਰਾਮ ਦੇਣ ਲਈ ਗਏ ਹੋਏ ਸਨ। ਉਥੇ ਹੀ ਪ੍ਰੋਗਰਾਮ ਤੋਂ ਇਕ ਦਿਨ ਪਹਿਲਾਂ ਕਮਰੇ ਵਿਚ ਬੈਠੇ ਸਾਥੀਆਂ ਨਾਲ ਪ੍ਰੋਗਰਾਮ ਦੀ ਰੀਹਰਸਲ ਕਰ ਰਹੇ ਸਨ ਤੇ ਉਹਨਾਂ ਦੇ ਦਿਮਾਗ ਦੀ ਨਾੜੀ ਫਟ ਗਈ ਤੇ ਉਥੇ ਰੋਹਤਕ ਹੀ ਆਪ ਜੀ ਦਾ ਦਿਹਾਂਤ ਹੋ ਗਿਆ। ਦਾਸ ਉਦੋਂ ਗੁਰਦੁਆਰਾ ਸਿੰਘ ਸਭਾ ਮੁਰਾਦਾਬਾਦ ਵਿਖੇ ਕੀਰਤਨ ਦੀ ਸੇਵਾ ਕਰਦਾ ਸੀ, ਸੋ ਦਾਸ ਨੂੰ ਬਹੁਤ ਦੇਰ ਬਾਅਦ ਉਹਨਾਂ ਦੇ ਦਿਹਾਂਤ ਬਾਰੇ ਪਤਾ ਲਗਾ।

ਭਾਈ ਸਾਹਿਬ ਜੀ ਦੇ ਨਾਲ ਸਾਥੀ ਤਾਂ ਬਹੁਤ ਸਾਰੇ ਰਹੇ ਹਨ ਪਰ ਉਹਨਾਂ ਦੀਆਂ ਸ਼ਬਦਾਂ ਦੀਆਂ ਬੰਦਸ਼ਾਂ ਸਭ ਤੋਂ ਜਿਆਦਾ ਮੇਰੇ ਪਾਸ ਹਨ। ਮੈਂ ਚਾਹੁੰਦਾ ਹਾਂ ਕਿ ਕੋਈ ਐਸਾ ਚਾਹਵਾਨ ਸੱਜਣ ਹੋਵੇ ਜੋ ਮੇਰੇ ਪਾਸੋਂ ਉਹਨਾਂ ਦੀਆਂ ਬੰਦਸ਼ਾਂ ਸਿੱਖ ਲਵੇ ਤਾਂ ਕਿ ਉਹਨਾਂ ਦਾ ਨਾਮ ਦੁਨੀਆ ਤੇ ਰਹਿ ਜਾਵੇ ਪਰ ਕਿਸੇ ਵਿਚ ਵੀ ਅੱਜ ਤੱਕ ਹਿੰਮਤ ਨਹੀਂ ਪਈ ਕਿ ਕੋਈ ਮੇਰੇ ਤੋਂ ਆ ਕੇ ਸਿੱਖ ਲਵੇ ਇਸ ਗੱਲ ਦਾ ਮੈਨੂੰ ਬਹੁਤ ਅਫਸੋਸ ਹੈ।

ਉਹਨਾਂ ਦੀਆਂ ਜੋ ਸ਼ਬਦਾਂ ਦੀਆਂ ਬੰਦਸ਼ਾਂ, ਪੁਰਾਤਨ ਟਕਸਾਲੀ ਬੰਦਸ਼ਾਂ ਤੇ ਸੁਗਮ ਬੰਦਸ਼ਾਂ ਐਸੀਆਂ ਹਨ ਜੋ ਅੱਜ ਵੀ ਨਵੇਂ ਰਾਗੀਆਂ ਦਾ ਮਾਰਗ ਦਰਸ਼ਨ ਕਰਦੀਆਂ ਹਨ ਅਤੇ ਸੰਗਤਾਂ ਦੇ ਦਿਲਾਂ ਤੇ ਛਾਈਆਂ ਹੋਈਆਂ ਹਨ। ਜਿਵੇਂ ਰਾਗ ਮਲਾਰ ਵਿਚ (ਐਸੀ ਕਉਨ ਬਿਧੇ ਦਰਸਨ ਪਰਸਨਾ), ਰਾਗ ਯਮਨ ਵਿਚ (ਕੰਠੇ ਮਾਲਾ ਜਿਹਵਾ ਰਾਮ) ਅਤੇ (ਮੇਰੇ ਲਾਲਨ ਕੀ ਸੋਭਾ) ਇਸ ਬੰਦਸ਼ ਦੀ ਕਾਪੀ ਕੀਤੀ ਹੈ ਸੰਗੀਤਕਾਰ ਰਵਿੰਦਰ ਜੈਨ ਨੇ ਫਿਲਮ ਚਿਤ ਚੋਰ ਵਿਚ। ਜੋ ਗਾਣਾ ਗਾਇਕ ਯਸੂਦਾਸ ਨੇ ਗਾਇਆ ਹੈ (ਜਬ ਦੀਪ ਜਲੇ ਆਨਾ ਜਬ ਸ਼ਾਮ ਢਲੇ ਆਨਾ) ਇਹ ਬੰਦਸ਼ ਸ਼ਬਦ ਸੀ ਰਵਿੰਦਰ ਜੈਨ ਨੇ ਫਿਲਮਕਾਰ ਬੀ. ਆਰ. ਚੋਪੜਾ ਦੇ ਘਰ ਦਾਸ ਨੇ ਜਦੋਂ ਕੀਰਤਨ ਕੀਤਾ ਸੀ ਉਥੇ ਸੁਣਿਆ ਸੀ ਬੰਬਈ ਵਿਖੇ। ਉਹਨਾਂ ਨੇ ਆਪ ਮੈਨੂੰ ਦੱਸਿਆ ਕਿ ਆਪ ਕੇ ਉਸ ਭਜਨ ਕੀ ਕਾਪੀ ਹਮ ਨੇ ਕਰ ਲੀ ਹੈ ਜੋ ਆਪ ਨੇ ਗਾਇਆ ਥਾ ਮੇਰੇ ਲਾਲਨ ਕੀ ਸੋਭਾ । ਇਸ ਤੋਂ ਇਲਾਵਾ ਉਹਨਾਂ ਦੀਆਂ ਮਸ਼ਹੂਰ ਤੇ ਸਿੱਕੇਬੰਦ ਬੰਦਸ਼ਾਂ ਹਨ, (ਮੁਲਾਂ ਕਹਹੁ ਨਿਆਉ ਖੁਦਾਈ) , (ਪ੍ਰਾਣੀ ਏਕੋ ਨਾਮ ਧਿਆਵਹੁ), (ਲੋਗਨ ਰਾਮ ਖਿਲੌਣਾ ਜਾਨਾ), (ਮਾਈ ਗੁਰ ਬਿਨ ਗਿਆਨ ਨ ਪਾਈਐ), (ਜਿਉ ਪ੍ਰਾਣੀ ਜਲ ਬਿਨ ਹੈ

ਮਰਤਾ, ਤਿਉ ਸਿਖ ਗੁਰ ਬਿਨ ਮਰ ਜਾਈ), (ਹਰਿ ਜਨ ਨਾਚਹੁ ਹਰਿ ਹਰਿ ਧਿਆਇ), (ਸੋ ਹਰਿ ਮੇਰਾ ਅੰਤਰਜਾਮੀ), (ਦੀਵਾ ਮੇਰਾ ਏਕ ਨਾਮ ਦੁਖ ਵਿਚ ਪਾਇਆ ਤੇਲ), (ਮੀਠੇ ਹਰਿ ਗੁਣ ਗਾਉ ਜਿੰਦ ਤੂੰ), (ਮੇਰੇ ਮਨ ਸਬਦ ਲਗੋ ਗੁਰ ਮੀਠਾ), (ਜਾ ਕਾ ਮੀਤ ਸਾਜਨ ਹੈ ਸਮੀਆ), (ਮੋਹਿ ਲਾਗਤੀ ਤਾਲਾ ਬੇਲੀ), (ਮੋਹਨ ਘਰ ਆਵਹੁ ਕਰਹੁ ਜੋਦਰੀਆ), (ਐਸੀ ਜਾਨੀ ਸੰਤ ਜਨੀ), (ਤੂੰ ਸਾਜਨ ਤੂੰ ਪ੍ਰੀਤਮ ਮੇਰਾ), (ਗੋਬਿੰਦ ਜੀਉ ਤੂੰ ਮੇਰੇ ਪ੍ਰਾਣ ਅਧਾਰ), (ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ), ( ਸਭ ਗੋਬਿੰਦ ਹੈ ਗੋਬਿੰਦ ਬਿਨ ਨਹੀਂ ਕੋਈ), (ਚੇਰੀ ਤੂੰ ਰਾਮ ਨ ਕਰਸ ਭਤਾਰਾ) ਹੋਰ ਵੀ ਬਹੁਤ ਸਾਰੀਆਂ ਬੰਦਸ਼ਾ ਹਨ ਜੋ ਸਿਕੇ ਬੰਦ ਬੰਦਸ਼ਾਂ ਹਨ। ਜਦੋਂ ਕਿਤੇ ਬਹੁਤੇ ਰਾਗੀਆਂ ਵਿਚ ਭੇੜ ਪੈ ਜਾਵੇ ਜਾਂ ਇੱਜ਼ਤ ਤੇ ਅਣਖ ਦੀ ਗਲ ਆ ਜਾਵੇ ਤਾਂ ਦਾਸ ਭਾਈ ਸਾਹਿਬ ਦੀ ਹੀ ਕੋਈ ਐਸੀ ਬੰਦਸ਼ ਸੰਗਤ ਵਿਚ ਗਾ ਦੇਂਦਾ ਹੈ ਤੇ ਸਭ ਰਾਗੀਆਂ ਤੇ ਛਾ ਜਾਈਦਾ ਹੈ ਇਹ ਸਭ ਭਾਈ ਸਾਹਿਬ ਦੀ ਹੀ ਦੇਣ ਹੈ।

ਸੋ ਅੰਤ ਵਿਚ ਮੈਂ ਡਾਕਟਰ ਜਗੀਰ ਸਿੰਘ ਅੱਗੇ ਅਤੇ ਡਾਕਟਰ ਗੁਰਨਾਮ ਸਿੰਘ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਹੋਰ ਜਿੰਨੀਆਂ ਵੀ ਗੁਰਮਤਿ ਸੰਗੀਤ ਨੂੰ ਬੜਾਵਾ ਦੇਣ ਵਾਲੀਆਂ ਸੰਸਥਾਵਾਂ ਹਨ ਸਭ ਦੇ ਚਰਨਾਂ ਵਿਚ ਮੇਰੀ ਅਪੀਲ ਭਾਈ ਸੰਤੋਖ ਸਿੰਘ ਜੀ ਦੀਆਂ ਇਹ ਅਮੋਲਕ ਧੁਨਾਂ ਜੋ ਕਿ ਇਕ ਅਮੋਲਕ ਖਜ਼ਾਨਾ ਹੈ, ਜੇ ਕਰ ਕੋਈ ਇਹਨਾਂ ਬੰਦਸ਼ਾਂ ਨੂੰ ਰਿਕਾਰਡ ਕਰਕੇ ਲੋਕਾਂ ਤੱਕ ਪੁਚਾ ਸਕਦਾ ਹੈ ਜਾਂ ਪੁਚਾ ਸਕਦੇ ਹਨ ਤਾਂ ਮੈਂ ਇਹ ਧੁਨਾਂ ਆਪਣੀ ਅਵਾਜ਼ ਵਿਚ ਰਿਕਾਰਡ ਕਰਵਾ ਦਿਆਂਗਾ। ਉਸ ਦਾ ਮੈਂ ਕਿਸੇ ਪਾਸੋਂ ਕੋਈ ਇਵਜ਼ਾਨਾ ਜਾਂ ਪੈਸਾ ਨਹੀਂ ਲਵਾਂਗਾ। ਮੈਨੂੰ ਇਹ ਖੁਸ਼ੀ ਹੋਵੇਗੀ ਕਿ ਭਾਈ ਸਾਹਿਬ ਜੀ ਦਾ ਇਹ ਅਮੋਲਕ ਖਜ਼ਾਨਾ ਦੁਨੀਆਂ ਤੇ ਰਹਿ ਜਾਏਗਾ ਤੇ ਆਉਣ ਵਾਲੀ ਰਾਗੀ ਪਨੀਰੀ ਇਸ ਤੋਂ ਲਾਭ ਉਠਾਏਗੀ, ਨਹੀਂ ਤਾਂ ਜੇ ਮੈਂ ਚਲਾ ਗਿਆ ਤਾਂ ਸਭ ਕੁਝ ਨਾਲ ਹੀ ਚਲਾ ਜਾਵੇਗਾ। ਇਸ ਲਈ ਸਿੱਖ ਸੰਸਥਾਵਾਂ ਮੇਰੀ ਬੇਨਤੀ ਵਲ ਉਚੇਚੇ ਤੌਰ ਤੇ ਧਿਆਨ ਦੇਣ।

*425, ਗਲੀ ਨੰ: 1, ਨਿਊ ਬਸੰਤ ਵਿਹਾਰ,*
*ਕਾਕੋਵਾਲ ਰੋਡ, ਲੁਧਿਆਣਾ*

# 'ਸੁਖਮਨੀ' ਵਿਚ ਸੁਖ ਦਾ ਸੰਕਲਪ

ਡਾ. ਹਰਨੇਕ ਸਿੰਘ ਕਲੇਰ

ਗੁਰੂ ਅਰਜਨ ਦੇਵ ਜੀ ਮਹਾਨ ਅਧਿਆਤਮਕ ਚਿੰਤਕ ਸਨ। ਪੰਚਮ ਪਾਤਸ਼ਾਹ ਨੂੰ ਕਲਮ ਤੇ ਸੰਗੀਤ ਦੀ ਦਾਤ ਵਿਰਸੇ ਵਿਚ ਪ੍ਰਾਪਤ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਤੀਹ ਰਾਗਾਂ ਵਿਚ ਰਚਨਾ ਕਰਨ ਵਾਲੇ ਗੁਰੂ ਰਾਮਦਾਸ ਜੀ ਉਨ੍ਹਾਂ ਦੇ ਪਿਤਾ ਜੀ ਸਨ। ਸੇਵਾ, ਸਿਮਰਨ ਤੇ ਨਿਮਰਤਾ ਦੀ ਮੂਰਤ ਗੁਰੂ ਅਮਰਦਾਸ ਜੀ ਆਪ ਜੀ ਦੇ ਨਾਨਾ ਜੀ ਸਨ। ਗੁਰੂ ਅਮਰਦਾਸ ਜੀ ਨੇ ਆਪ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਆਸ਼ੀਰਵਾਦ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਦੀ ਪਾਲਣਾ ਅਜਿਹੇ ਪਵਿੱਤਰ ਸੰਗੀਤਕ ਮਾਹੌਲ ਵਿਚ ਹੋਈ ਕਿ ਆਪ ਅੰਮ੍ਰਿਤ ਬਾਣੀ ਦਾ ਸਾਗਰ ਬਣ ਗਏ। ਸਮੁੱਚੀ ਮਾਨਵਤਾ ਦੀ ਪਥ-ਪ੍ਰਦਰਸ਼ਨਾ ਲਈ ਪੰਚਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ। ਇਸ ਮਹਾਨ ਅਦੁੱਤੀ ਗ੍ਰੰਥ ਵਿਚ ਗੁਰੂ ਜੀ ਦੀ ਰਚੀ ਬਾਣੀ ਦੇ 2218 ਸ਼ਬਦ ਦਰਜ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਾਹਕਾਰ ਰਚਨਾ 'ਸੁਖਮਨੀ' ਹੈ। 'ਸੁਖਮਨੀ' ਰਾਗ ਗਉੜੀ ਵਿਚ 24 ਅਸ਼ਟਪਦੀਆਂ ਅਤੇ 24 ਸਲੋਕਾਂ ਵਿਚ ਰਚੀ ਇਕ ਗਹਿਰ ਗੰਭੀਰ ਉਪਦੇਸ਼ਾਤਮਕ ਬਾਣੀ ਹੈ। ਗੁਰੂ ਜੀ ਨੇ 'ਸੁਖਮਨੀ' ਦੇ ਪ੍ਰਥਮ ਸਲੋਕ ਤੋਂ ਪਹਿਲਾਂ ਸੰਖੇਪ ਮੂਲ ਮੰਤਰ 'ੴ ਸਤਿਗੁਰ ਪ੍ਰਸਾਦਿ' ਦਰਜ ਕੀਤਾ ਹੈ। ਉਪਰੰਤ ਪ੍ਰਥਮ ਸਲੋਕ ਵਿਚ ਜੁਗੋ ਜੁਗ ਅਟੱਲ ਆਦਿ ਗੁਰੂ ਨੂੰ ਨਮਸਕਾਰ ਕਰਕੇ ਸਤਿਗੁਰੂ ਤੇ ਸ੍ਰੀ ਗੁਰਦੇਵ ਨੂੰ ਨਮਸਕਾਰ ਕਰਨ ਦੇ ਨਾਲ ਇਸ ਨਿਬੰਧ ਕਾਵਿ-ਰੂਪ ਬਾਣੀ ਦਾ ਆਰੰਭ ਕੀਤਾ ਹੈ। ਇਸ ਦੇ ਮੰਗਲਾਚਰਨ ਵਿਚ ਗੁਰੂ ਅਰਜਨ ਦੇਵ ਜੀ ਬ੍ਰਹਿਮੰਡ ਦੀ 'ਏਕ ਤੋਂ ਅਨੇਕ' ਦੀ ਅਚਰਜ ਰਚਣ ਵਾਲੇ ਕਰਤਾ ਨੂੰ ਨਮੋ ਕਰਦੇ ਪ੍ਰਤੱਖ ਦੀਦਾਰ ਦਿੰਦੇ ਹਨ:

*ਆਦਿ ਗੁਰਏ ਨਮਹ॥*
*ਜੁਗਾਦਿ ਗੁਰਏ ਨਮਹ॥*
*ਸਤਿਗੁਰਏ ਨਮਹ॥*
*ਸ੍ਰੀ ਗੁਰਦੇਵਏ ਨਮਹ॥*

ਮਹਾਨ ਗੁਰੂ ਅਰਜਨ ਦੇਵ ਜੀ ਨੇ ਪਹਿਲੀ ਅਸ਼ਟਪਦੀ ਵਿਚ ਹੀ ਇਸ ਮਹਾਨ ਰਚਨਾ ਦਾ ਮੰਤਵ ਸਪਸ਼ਟ ਕਰ ਦਿੱਤਾ। ਭਾਵਪੂਰਤ ਸ਼ਬਦਾਂ ਵਿਚ ਇਹ ਕਿ ਇਸ ਧਰਤੀ ਉਤੇ ਉਦਭਵ ਰੂਪ ਹਰ ਪ੍ਰਾਣੀ ਨੇ ਪਰਮੇਸ਼ਰ ਦਾ ਨਾਮ ਸਿਮਰਨ ਕਰਨਾ ਹੈ। ਨਾਮ ਸਿਰਫ਼ 'ਉਸ' ਏਕ ਹੀ ਏਕ ਦਾ ਜਪਣਾ ਹੈ ਕਿਉਂਕਿ ਮਾਨਵ ਦੇ ਘਟ ਘਟ ਵਿਚ ਉਹ ਵਸਦਾ ਹੈ ਜਿਹੜਾ ਪ੍ਰਾਣੀ ਇਸ ਘਟ ਘਟ ਵਾਸੀ ਦੇ ਰਹੱਸਮਈ ਪ੍ਰਕਾਸ਼ ਨੂੰ ਅੰਤਰੀਵ ਮਨ ਵਿਚ ਮਹਿਸੂਸ ਕਰ ਲੈਂਦਾ ਹੈ। 'ਸੁਖਮਨੀ' ਉਸ 'ਏਕ ਹੀ ਏਕ' ਰੂਪ ਜੋ ਸਮੁੱਚੇ ਬ੍ਰਹਿਮੰਡ ਵਿਚ ਅਨੇਕ ਹੋ ਕੇ ਵਿਚਰ ਰਿਹਾ ਹੈ, ਦੇ ਅਨੇਕ, ਅਨੰਤ ਰੰਗ-ਰੂਪਾਂ ਦੀ ਸਿਫ਼ਤ-ਸਲਾਹ ਕਰਦੀ ਹੈ।

**ਜੀਵ ਦੇ ਮਨ ਦੀ ਸਥਿਤੀ:**

ਮਨੁੱਖੀ ਮਨ ਅਤਿਅੰਤ ਚੰਚਲ ਹੈ। ਮਨ ਹਰ ਪਲ ਭਟਕਦਾ ਰਹਿੰਦਾ ਹੈ। ਮਾਨਵ ਮਨ ਦੀ ਇਹ ਭਟਕਣਾ ਹੀ ਉਸ ਨੂੰ ਸਾਰਾ ਜੀਵਨ ਮਾਇਆਵੀ ਪਦਾਰਥਾਂ ਸੰਗ ਲਲਚਾਈ ਰੱਖਦੀ ਹੈ। ਮਨ ਦੀਆਂ ਕਾਮਨਾਵਾਂ ਅਸੀਮ ਹਨ। ਉਹ ਧਨ ਪਦਾਰਥ ਤੇ ਸੁੰਦਰ ਸਰੀਰ ਦਾ ਗੁਮਾਨ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਮਾਨਵ ਮਨ ਨੂੰ ਸਥਿਰ ਰੱਖਣ ਲਈ 'ਸੁਖਮਨੀ' ਦੀ ਰਚਨਾ ਕੀਤੀ । ਸੁਖਮਨੀ ਮਾਨਵ ਦਾ ਮਾਰਗ ਦਰਸ਼ਨ ਕਰਦੀ ਹੋਈ ਉਸ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। 'ਸੁਖਮਨੀ' ਦਾ ਅਰਥ ਹੀ 'ਸੁੱਖਾਂ ਦੀ ਮਣੀ' ਭਾਵ ਅਗੰਮੀ ਆਨੰਦ ਦੇਣ ਵਾਲੀ ਬਾਣੀ ਹੈ। ਇਹ ਬਾਣੀ ਮਾਨਵ ਦੇ ਮਨ ਵਿਚ 'ਅਕਾਲ ਪੁਰਖ' ਦੇ ਅੰਮ੍ਰਿਤ ਰੂਪੀ ਨਾਮ ਦਾ ਪ੍ਰਕਾਸ਼ ਕਰਦੀ ਹੋਈ ਮਨ ਨੂੰ 'ਪ੍ਰਭੂ' ਦੇ ਸਿਮਰਨ ਨਾਲ ਜੋੜਦੀ ਹੈ। ਮਨ ਤਦ ਹੀ 'ਪ੍ਰਮੇਸ਼ਰ' ਨਾਲ ਜੁੜਦਾ ਹੈ ਜੇਕਰ ਮਾਨਵ ਹੰਕਾਰ ਦਾ ਕੰਡਾ ਮਨ ਵਿਚੋਂ ਕੱਢ ਦੇਵੇ। ਸਰੀਰ ਨੂੰ ਮਿੱਟੀ ਸਮਾਨ ਜਾਣ ਕੇ ਨਿਮਰਤਾ ਗ੍ਰਹਿਣ ਕਰ ਲਵੇ। ਸਤਿਗੁਰੂ ਕਥਨ ਕਰਦੇ ਹਨ ਕਿ ਅਜਿਹੀ ਨਿਰਮਲ ਰੂਹ ਵਿਚ ਪ੍ਰਮੇਸ਼ਰ ਦਾ ਵਾਸ ਹੋ ਜਾਂਦਾ ਹੈ।

*ਜਾ ਕਾ ਮਨੁ ਹੋਇ ਸਗਲ ਕੀ ਰੀਨਾ॥*
*ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥*

**ਅਸਲ 'ਸੁਖ' ਕੀ ਹਨ:**

ਸੁਖ ਕੀ ਹੈ? ਸੁਖੀ ਕੌਣ ਹੁੰਦਾ ਹੈ। ਜੀਵਨ ਦਾ ਅਸਲ

ਸੁੱਖ ਕਿਸ ਨੂੰ ਕਹਿੰਦੇ ਹਨ। ਗੁਰੂ ਅਰਜਨ ਦੇਵ ਜੀ ਮਨ ਦੀ ਸੁਖੀ ਅਵਸਥਾ ਦੀ ਪਰਿਭਾਸ਼ਾ ਲਿਖਦੇ ਹਨ ਕਿ 'ਜਿਹੜਾ ਮਨੁੱਖ ਇਸ ਸੰਸਾਰ ਸਾਗਰ ਵਿਚ ਰਹਿੰਦਾ ਹੋਇਆ ਪ੍ਰਭੂ ਦੀ ਰਜ਼ਾ ਵਿਚ ਨੀਵਾਂ ਹੋ ਕੇ ਚੱਲਦਾ ਹੈ। ਪਰਉਪਕਾਰੀ ਜੀਵਨ ਜਿਉਂਦਾ ਹੈ, ਉਹ ਹੀ ਸੁਖੀ ਹੈ।

*ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥*

'ਸੁਖਮਨੀ' ਵਿਚ ਦਰਜ ਬਾਣੀ ਦੀ ਅਗਲੀ ਤੁਕ 'ਹੰਕਾਰੀ' ਮਨੁੱਖ ਦੀ ਸਥਿਤੀ ਦੱਸਦੀ ਹੈ ਕਿ ਹੰਕਾਰੀ ਲੋਕਾਂ ਦਾ ਮਾਣ ਤਾਂ ਪਲਾਂ 'ਚ ਚੂਰ ਚੂਰ ਹੋ ਜਾਂਦਾ ਹੈ। ਇਹੀ ਨਹੀਂ ਉਹ ਲੋਕ ਆਪਣੇ ਮਾਣ-ਗੁਮਾਨ ਵਿਚ ਹੀ ਅੰਦਰੋਂ -ਅੰਦਰ ਗਲ ਜਾਂਦੇ ਹਨ।

*ਬਡੇ ਬਡੇ ਅਹੰਕਾਰੀਆਂ ਨਾਨਕ ਗਰਬਿ ਗਲੇ॥*

ਸੰਸਾਰ ਦੇ ਰੰਗ-ਰਸ, ਵਿਸ਼ੇ-ਵਿਕਾਰ, ਧਨ-ਪਦਾਰਥ, ਮੋਹ-ਮਾਇਆ। ਪੁੱਤਰ ਤੇ ਧੀ, ਸੁੰਦਰ ਇਸਤਰੀ ਇਹ ਸਭ ਸੰਸਾਰੀ ਚੀਜ਼ਾਂ ਮਨੁੱਖ ਦੇ ਮਨ ਨੂੰ ਭਟਕਾਉਂਦੇ ਹਨ। ਭਟਕਣਾ ਸਦਾ ਹੀ ਮਾਨਵ ਦੇ ਮਨ ਨੂੰ ਅਸ਼ਾਂਤ ਰੱਖਦੀ ਹੈ। ਮਨ ਦੀ ਸ਼ਾਂਤੀ ਅਤੇ ਟਿਕਾਉ ਲਈ ਸਿਮਰਨ ਹੀ ਇਕ ਸਾਧਨ ਹੈ। ਸਿਮਰਨ ਮਨੁੱਖ ਦੇ ਮਨ ਵਿਚੋਂ ਕਲਾਹ-ਕਲੇਸ਼ ਦਾ ਨਾਸ਼ ਕਰਕੇ ਸਥਿਰਤਾ ਪ੍ਰਦਾਨ ਕਰਦਾ ਹੈ। ਟਿਕਾਉ ਦੀ ਅਵਸਥਾ ਵਿਚ ਹੀ ਮਾਨਵ ਨੂੰ ਸਿਮਰਨ ਦੀ ਦਾਤ ਪ੍ਰਾਪਤ ਹੁੰਦੀ ਹੈ।

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥*

**ਜੀਵ ਦੀ ਸੰਸਾਰੀ ਅਵਸਥਾ:**

ਇਸ ਸੰਸਾਰ ਵਿਚ ਜੀਵ ਦੀ ਆਮਦ ਕਰਤਾ ਦੀ ਰਜ਼ਾ ਵਿਚ ਹੈ। ਪਰਮੇਸ਼ਰ ਦਾ ਘੱਲਿਆ ਹੋਇਆ ਜੀਵ ਇਸ ਸੰਸਾਰ ਵਿਚ ਆਉਂਦਾ ਹੈ। ਇਸ ਤੱਥ ਨੂੰ ਸ਼ਬਦ-ਰੂਪ ਜਾਮਾ ਪਹਿਨਾਉਂਦੇ ਹੋਏ ਗੁਰੂ ਅਰਜਨ ਦੇਵ ਜੀ ਲਿਖਦੇ ਹਨ 'ਪਰਮੇਸ਼ਰ' ਦੀ ਕ੍ਰਿਪਾ ਦ੍ਰਿਸ਼ਟੀ ਸੰਗ ਹੀ ਜੀਵ ਸੰਸਾਰ ਵਿਚ ਜਨਮ ਧਾਰਦਾ ਹੈ। ਜੀਵ ਦੇ ਗਰਭ ਅਵਸਥਾ ਵਿਚ ਆਉਣ ਤੋਂ ਲੈ ਕੇ *"ਜਲ ਕਾ ਜਲ ਹੂਆ ਰਾਮ"* ਤਕ ਸਥਿਤੀ ਦਾ ਵਿਵਰਣ ਚੌਥੀ ਅਸ਼ਟਪਦੀ ਵਿਚ ਪੇਸ਼ ਕਰਦੇ ਆਪ ਲਿਖਦੇ ਹਨ:

*ਜਿਨਿ ਤੂ ਸਾਜਿ ਸਵਾਰਿ ਸੀਗਾਰਿਆ॥*
*ਗਰਭ ਅਗਨਿ ਮਹਿ ਜਿਨਹਿ ਉਬਾਰਿਆ॥*
*ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥*
*ਭਰਿ ਜੋਬਨ ਭੋਜਨ ਸੁਖ ਸੂਧ॥*
*ਬਿਰਧਿ ਭਇਆ ਊਪਰਿ ਸਾਕ ਸੈਨ॥*
*ਮੁਖਿ ਅਪਿਆਉ ਬੈਠ ਕਉ ਦੈਨ॥*
*ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ॥*
*ਬਖਸਿ ਲੇਹੁ ਤਉ ਨਾਨਕ ਸੀਝੈ॥*

ਇਸ ਧਰਤੀ ਉਤੇ ਜਨਮ ਧਾਰਨ ਕਰਨ ਵਾਲੇ ਹਰ ਮਨੁੱਖ ਦੀ ਇਹੋ ਸਥਿਤੀ ਹੈ। ਮਨੁੱਖ ਦੀ ਹਰ ਔਖੀ ਘੜੀ ਵਿਚ ਪਰਮੇਸ਼ਰ ਉਸ ਨੂੰ ਸੁਰੱਖਿਅਤ ਰੱਖਦਾ ਹੈ। ਉਸ ਦਾ ਲਾਲਨ-ਪਾਲਣ ਕਰਦਾ ਹੈ। 'ਆਦਿ' ਤੋਂ ਅੰਤ ਤਕ ਹਰ ਮਾਨਵ ਦੇ ਅੰਗ ਸੰਗ ਨਿਭਦਾ ਹੈ। ਮਨੁੱਖ ਨੇ ਸਿਰਫ਼ 'ਉਸ' ਪ੍ਰਭੂ ਨੂੰ ਮਨ ਚਿਤ ਵਿਚ ਧਿਆਉਣਾ ਹੁੰਦਾ ਹੈ।

*ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥*
*ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ॥*

ਸੰਸਾਰ ਨਾਸ਼ਵਾਨ ਹੈ:

ਇਹ ਸੰਸਾਰ ਮਿਥਿਆ ਹੈ। ਮਾਇਆ ਹੈ। ਖੇਲ ਹੈ। ਨਾਸ਼ਵਾਨ ਹੈ। ਇਹ ਚੰਚਲ ਮਨ ਸੰਸਾਰ ਨੂੰ ਸੱਚ ਮਨ ਲੈਂਦਾ ਹੈ। ਮਾਇਆ ਇਕੱਠੀ ਕਰਦਾ ਹੈ। ਦੁਨੀਆ ਦੇ ਰੰਗ ਰਸਾਂ ਵਿਚ ਭਰਮਿਆ ਹੋਇਆ ਪਰਮੇਸ਼ਰ ਨੂੰ ਭੁੱਲ ਕੇ ਗੰਵਾਰਾਂ ਜੈਸੀ ਜੂਨ ਵਿਚ ਗੁਜਾਰਾ ਕਰਦਾ ਹੈ। ਗੁਰੂ ਜੀ ਮਾਨਵ ਨੂੰ ਉਪਦੇਸ਼ ਦਿੰਦੇ ਹਨ ਕਿ ਅਸਲ ਸੁਖ ਇਸ ਮਾਇਆ ਦੇ ਖੋਲ ਵਿਚ ਨਹੀਂ ਸਗੋਂ ਮਨ ਚਿੱਤ ਨੂੰ ਪਰਮੇਸ਼ਰ ਨਾਲ ਜੋੜਨ ਵਿਚ ਹੈ:

*ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥*
*ਮਿਥਿਆ ਹਉਮੈ ਮਮਤਾ ਮਾਇਆ॥*
*ਮਿਥਿਆ ਰਾਜ ਜੋਬਨ ਧਨ ਮਾਲ॥*
*ਮਿਥਿਆ ਕਾਮ ਕ੍ਰੋਧ ਬਿਕਰਾਲ॥*

ਇਹ ਵਿਸ਼ਾਲ ਬ੍ਰਹਿਮੰਡ ਪੰਜ ਤੱਤਾਂ ਦਾ ਪਸਾਰਾ ਹੈ। ਜੀਵ ਦੀ ਰਚਨਾ ਪੰਜ ਤੱਤਾਂ ਭਾਵ ਅੱਗ, ਹਵਾ, ਪਾਣੀ, ਧਰਤੀ ਤੇ ਆਕਾਸ਼ ਤੋਂ ਮਿਲ ਕੇ ਹੋਈ ਹੈ। ਇਹ ਸਾਰਾ ਸੰਸਾਰ-ਪਸਾਰਾ ਅਨੇਕਾਂ ਵਿਧੀਆਂ ਨਾਲ ਰਚੀ ਅਚ ਰਚ ਹੈ।

*ਉਸਤਤਿ ਕਰਹਿ ਅਨੇਕ ਜਨ ਅੰਤ ਨ ਪਾਰਾਵਾਰ॥*
*ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥*

ਇਸ ਅਚਰਚ ਦਾ ਕਰਤਾ ਪਰਮੇਸ਼ਰ ਹੈ:

*ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥*
*ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥*

ਇਸ ਸੰਸਾਰ ਦਾ ਹਰ ਜੀਵ ਉਸਦਾ ਅੰਸ਼ ਹੈ। ਉਸਦੀ ਰਜ਼ਾ ਵਿਚ ਜੰਮਦਾ, ਪਲਦਾ ਤੇ ਸਮਾ ਜਾਂਦਾ ਹੈ। ਇਸ ਲਈ ਉਹ ਬੇਅੰਤ ਹੈ। ਸੁੱਖਾਂ ਦਾ ਦਾਤਾ ਹੈ। ਪਰੀਪੂਰਨ ਹੈ

ਜੀਵ ਅਧੂਰਾ ਤੇ ਉਸ ਦਾ ਅੰਸ਼ ਹੈ। ਪਰਮੇਸ਼ਰ ਦੇ ਅੰਸ਼ ਦਾ ਰੂਪ ਜੀਵ ਦਾ ਅਸਲ ਸੁੱਖ ਪਰਮੇਸ਼ਰ ਨੂੰ ਹਿਰਦੇ ਵਿਚ ਵਸਾਉਣਾ ਹੈ, ਜਿਸ ਤੋਂ ਉਹ ਵਿਛੜਿਆ ਹੋਇਆ ਹੈ।

*ਜੋ ਜਾਨੈ ਤਿਸੁ ਸਦਾ ਸੁਖੁ ਹੋਇ॥*
*ਆਪ ਮਿਲਾਇ ਲਏ ਪ੍ਰਭੁ ਸੋਇ॥*
*ਉਹ ਧਨਵੰਤੁ ਕੁਲਵੰਤ ਪਤਿਵੰਤੁ॥*
*ਜੀਵਨ ਮੁਕਤਿ ਜਿਸੁ ਰਿਦੈ ਭਗਵੰਤ॥*

**ਸੁਖ ਦੀ ਦਾਤ 'ਸਿਮਰਨ'**

'ਸੁਖ' ਮਿਲਾਪ ਵਿਚ ਹੈ। ਮਿਲਾਪ ਨਾਲ ਤੜਫਣਾ ਮੁੱਕ ਜਾਂਦੀ ਹੈ। ਮਾਨਵ ਦੀ ਭਟਕਣਾ ਦਾ ਅੰਤ ਹੋ ਜਾਂਦਾ ਹੈ। ਜਿਸ ਦੇ ਮਨ ਦੀ ਭਟਕਣਾ ਮੁੱਕ ਗਈ, ਉਹ ਸੁਖੀ ਹੈ। ਭਟਕਣਾ ਵਿਚੋਂ ਬਾਹਰ ਨਿਕਲਣ ਦਾ ਰਾਹ ਸਿਮਰਨ ਹੈ। ਇਹ ਚੱਕਰ ਹੈ। 'ਸਿਮਰਨ-ਮਿਲਾਪ-ਸੁਖ'। ਸੁਖਮਨੀ ਵਿਚ ਦਰਜ 'ਸਿਮਰਨ' ਦੀ ਪਉੜੀ ਜੀਵ ਦੇ ਮਨ ਦੇ ਕਪਾਟ ਖੋਲ੍ਹ ਕੇ ਉਸ ਨੂੰ ਸਮਰਪਣ ਦੀ ਭਾਵਨਾ 'ਚ ਢਾਲ ਕੇ ਸਿਮਰਨ ਨਾਲ ਜੋੜਦੀ ਹੈ। ਸਿਮਰਨ ਨੂੰ ਪਹਿਲਾਂ ਜੀਭ ਤੇ ਫਿਰ ਸੁਆਸ-ਸੁਆਸ ਧਿਆਉਣ ਲਈ ਸਤਿ, ਸੰਤੋਖ ਤੇ ਸਿਦਕ ਦੀ ਪੂੰਜੀ ਚਾਹੀਦੀ ਹੈ। ਇਹ ਗੁਣ ਧਾਰਨ ਕਰ ਕੇ ਮਨੁੱਖ ਦਾ ਮਨ ਨਿਰਮਲ ਹੋ ਜਾਂਦਾ ਹੈ। ਮਨ ਨਿਰਮਲ ਹੋਵੇ ਤਾਂ ਟਿਕਾਉ ਆ ਜਾਂਦਾ ਹੈ। ਟਿਕਾਉ ਦੀ ਅਵਸਥਾ ਵਿਚ ਹੀ ਪਰਮੇਸ਼ਰ ਦਾ ਸਿਮਰਨ ਹੁੰਦਾ ਹੈ। ਗੁਰੂ ਜੀ, ਸੁਖਮਨੀ ਵਿਚ ਪਰਮੇਸ਼ਰ ਦੀਆਂ ਬਰਕਤਾਂ ਦਾ ਖੁਲਾਸਾ ਕਰਦੇ ਲਿਖਦੇ ਹਨ:

*ਗੁਰਮੁਖਿ ਨਾਮੁ ਜਪਹੁ ਮਨ ਮੇਰੇ॥*
*ਨਾਨਕ ਪਾਵਹੁ ਸੂਖ ਘਨੇਰੇ॥*

ਗੁਰੂ ਅਰਜਨ ਦੇਵ ਜੀ 'ਸੁਖਮਨੀ' ਵਿਚ ਲਿਖਦੇ ਹਨ ਕਿ ਪਰਮੇਸ਼ਰ ਦਾ ਨਾਮ ਸਿਮਰਨ ਕਰਨ ਵਾਲੇ ਮਨੁੱਖ ਹੀ ਪਤਵੰਤੇ ਅਤੇ ਧਨਵੰਤੇ ਹੋ ਕੇ ਜਗਤ ਵਿਚ ਪ੍ਰਵਾਨ ਚੜਦੇ ਹਨ। ਸਮੁੱਚਾ ਜਗਤ ਹੀ ਅਜਿਹੇ ਉਜਲੇ ਮੁੱਖ ਵਾਲੇ ਮਨੁੱਖਾਂ ਦੀ ਅਗਵਾਈ ਪ੍ਰਵਾਨ ਰਕਦਾ ਹੈ। ਗੁਰੂ ਜੀ ਸਿਮਰਨ ਤੋਂ ਮਿਲਾਪ ਤੇ ਮਿਲਾਪ ਤੋਂ ਪ੍ਰਾਪਤ ਸੁਖਾਂ ਦੀ ਬਰਕਤ ਬਾਰੇ ਇਉਂ ਫੁਰਮਾਨ ਕਰਦੇ ਹਨ:

*ਪ੍ਰਭ ਕਉ ਸਿਮਰਹਿ ਸੇ ਧਨਵੰਤੇ॥*
*ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥*
*ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ॥*
*ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥*

---

*1659, ਫੇਜ਼ 10, ਮੁਹਾਲੀ*

# ਪੰਜਾਬੀ ਯੂਨੀਵਰਸਿਟੀ ਦਾ ਸੁੱਚਾ ਸੰਗੀਤਕ ਤੋਹਫ਼ਾ

## ਸੁਭਾਸ਼ ਪਰਿਹਾਰ

ਪੁਰਾਤਨ ਸੰਗੀਤਕ ਪਰੰਪਰਾਵਾਂ ਵਿਚ ਪੰਜਾਬ ਹਿੰਦੁਸਤਾਨ ਦੇ ਹੋਰਨਾਂ ਇਲਾਕਿਆਂ ਨਾਲੋਂ ਕਿਸੇ ਵੀ ਤਰ੍ਹਾਂ ਪਿੱਛੇ ਨਹੀਂ ਹੈ, ਪਰ ਅਧੁਨਿਕਤਾ ਦੀ ਤੇਜ਼ ਦੌੜ ਵਿਚ ਇਹ ਪਰੰਪਰਾਵਾਂ ਖਤਮ ਹੋਣ ਕੰਢੇ ਪਹੁੰਚ ਗਈਆਂ ਹਨ, ਕਾਰਨ ਇਹ ਹੈ ਕਿ ਜਿਸ ਤਰ੍ਹਾਂ ਦੀ ਜੀਵਨ ਸ਼ੈਲੀ ਵਿਚੋਂ ਇਹ ਪਰੰਪਰਾਵਾਂ ਪੈਦਾ ਹੋਈਆਂ ਸਨ ਉਹ ਜੀਵਨ ਸ਼ੈਲੀ ਹੀ ਖਤਮ ਹੋ ਗਈ ਹੈ। ਇਸ ਨਾਲ ਜੁੜੀਆਂ ਪਰੰਪਰਾਵਾਂ ਦਾ ਖਤਮ ਹੋਣਾ ਵੀ ਕੁਦਰਤੀ ਹੈ, ਪਰ ਫੇਰ ਵੀ ਕੁਝ ਕੁ ਸਿਰੜੀ ਲੋਕਾਂ ਇਨ੍ਹਾਂ ਨੂੰ ਜਿਉਂਦਿਆਂ ਰੱਖਣ ਲਈ ਯਤਨਸ਼ੀਲ ਹਨ। ਪਤਾ ਨਹੀਂ ਉਹ ਇਹ ਕਿੱਥੇ ਕੁ ਤੀਕ ਸਫ਼ਲ ਹੁੰਦੇ ਹਨ ਪਰ ਜੋ ਕੰਮ ਪੂਰੀ ਸਫ਼ਲਤਾ ਨਾਲ ਤੁਰੰਤ ਕੀਤਾ ਜਾ ਸਕਦਾ ਹੈ ਉਹ ਹੈ ਇਨ੍ਹਾਂ ਲੋਕ ਕਲਾਵਾਂ ਦੀ ਡਾਕੂਮੈਂਟੇਸ਼ਨ ਦਾ, ਇਨ੍ਹਾਂ ਦੀ ਰਿਕਾਰਡਿੰਗ ਦਾ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਹ ਵੇਖ ਸਕਣ ਕਿ ਇਹ ਕਲਾਵਾਂ ਕਿਸ ਤਰ੍ਹਾਂ ਦੀਆਂ ਸਨ। ਤਕਨੀਕ ਅਤੇ ਆਰਥਿਕ ਪੱਖੋਂ ਇਹ ਕੰਮ ਹੁਣ ਇਨਾ ਸੁਖਾਲਾ ਹੋ ਗਿਆ ਹੈ ਕਿ ਬਹੁਤ ਹੀ ਥੋੜ੍ਹੇ ਖਰਚੇ ਨਾਲ ਛੋਟੀ-ਮੋਟੀ ਸੰਸਥਾ ਵੀ ਇਹ ਕੰਮ ਕਰ ਸਕਦੀ ਹੈ, ਜਾਂ ਫੇਰ ਪਾਕਿਸਤਾਨ ਵਿਚ ਕਾਰਜਸ਼ੀਲ ਅਦਾਰੇ 'ਲੋਕ ਵਿਰਸਾ' ਵਰਗਾ ਕੋਈ ਅਦਾਰਾ ਇਥੇ ਵੀ ਬਣਾਉਣਾ ਹੋਵੇਗਾ, ਪਰ ਇਹ ਯਤਨ ਵੀ ਤਾਂ ਹੀ ਸਫ਼ਲ ਹੋਵੇਗਾ ਜੇਕਰ ਇਹ ਅਦਾਰਾ ਸਹੀ ਬੰਦਿਆਂ ਦੇ ਹੱਥ ਵਿਚ ਆਵੇ ਅਤੇ ਇਨ੍ਹਾਂ ਦੀ ਅਗਵਾਈ ਲਈ ਕੋਈ 'ਮੈਨ ਆਫ਼ ਵਿਜ਼ਨ ਹੋਵੇ, ਪਰ ਜੇ ਇਥੇ ਵੀ ਨਿਯੁਕਤੀ ਪੁੱਤ ਪੋਤਿਆਂ ਜਾਂ ਹੋਰ ਸਿਫਾਰਸ਼ੀਆਂ ਦੀ ਹੀ ਹੋਣੀ ਹੈ (ਜਿਸ ਦੀ ਕਿ ਜ਼ਿਆਦਾ ਸੰਭਾਵਨਾ ਹੈ) ਤਾਂ ਇਸ ਦਾ ਹਸ਼ਰ ਵੀ ਸਰਕਾਰੀ ਸਭਿਆਚਾਰਕ ਅਦਾਰਿਆਂ ਵਰਗਾ ਹੀ ਹੋਵੇਗਾ।

ਖੁਸ਼ੀ ਦੀ ਗੱਲ ਹੈ ਕਿ ਪੰਜਾਬ ਦੀਆਂ ਲੋਕ ਸੰਗੀਤਕ ਪਰੰਪਰਾਵਾਂ ਨੂੰ ਰਿਕਾਰਡ ਕਰਕੇ ਸਾਂਭਣ ਵੱਲ ਸਾਰਥਕ ਕਦਮ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਵਲੋਂ ਚੁੱਕਿਆ ਗਿਆ ਹੈ, ਇਸ ਵਿਭਾਗ ਦੇ ਮੁਖੀ ਡਾਕਟਰ ਗੁਰਨਾਮ ਸਿੰਘ ਦੀ ਅਗਵਾਈ ਵਿਚ ਲਗਭਗ 100 ਲੋਕ ਸੰਗੀਤ ਕਲਾਕਾਰਾਂ ਦੇ ਫਨ ਦੀ ਰਿਕਾਰਡਿੰਗ ਕਰਕੇ ਇਸ ਨੂੰ ਸੰਤ ਸੁੱਚਾ ਸਿੰਘ ਸੰਗੀਤ ਆਰਕਾਈਵਜ਼ ਵਿਚ ਸੰਭਾਲਿਆ ਹੈ, ਇਸ ਦੇ ਨਾਲ ਹੀ ਇਸ ਰਿਕਾਰਡਿੰਗ ਵਿਚੋਂ ਚੁਣ ਕੇ ਪੰਜਾਬ ਦੇ ਅਮੀਰ ਸੰਗੀਤਕ ਵਿਰਸੇ ਦੀਆਂ ਵੱਖੋਂ ਵੱਖ ਵੰਨਗੀਆਂ ਚਾਰ ਸੀਡੀਜ਼ ਦੇ ਰੂਪ ਵਿਚ ਲੋਕਾਂ ਤੀਕ ਪਹੁੰਚਾਉਣ ਦਾ ਪ੍ਰਸੰਸਾਯੋਗ ਉਪਰਾਲਾ ਕੀਤਾ ਹੈ। ਲੋਕ ਸੰਗੀਤ ਪ੍ਰੇਮੀਆਂ ਲਈ ਸੀਡੀਜ਼ ਦਾ ਇਹ ਸੈੱਟ ਇਕ ਕੀਮਤੀ ਤੋਹਫ਼ਾ ਹੈ।

ਪਹਿਲੀ ਅਤੇ ਦੂਸਰੀ ਸੀਡੀਜ਼ ਵਿਚ ਪਰੰਪਰਾਗਤ ਪੰਜਾਬੀ ਲੋਕ ਗਾਇਕੀ ਅਤੇ ਪੰਜਾਬੀ ਲੋਕ ਸੰਗੀਤ ਸਾਜ਼ਾਂ ਦੇ ਨਮੂਨੇ ਪੇਸ਼ ਕੀਤੇ ਗਏ ਹਨ, ਦਰਅਸਲ ਲੋਕ ਗਾਇਕੀ ਅਤੇ ਲੋਕ ਸੰਗੀਤ ਨੂੰ ਇਕ ਦੂਜੇ ਤੋਂ ਨਿਖੇੜ ਕੇ ਵੇਖਣਾ ਮੁਸ਼ਕਿਲ ਹੈ। ਸੋ ਇਨ੍ਹਾਂ ਦੋਹਾਂ ਸੀਡੀਜ਼ ਦੇ ਵਿਸ਼ੇ ਓਵਰਲੈਪ ਕਰਦੇ ਹਨ। ਪੰਜਾਬ ਦੀਆਂ ਲੋਕ ਗਾਇਨ ਸ਼ੈਲੀਆਂ ਵਿਚੋਂ ਪ੍ਰਮੁੱਖ ਹੀਰ, ਮਿਰਜ਼ਾ, ਸੰਮੀ, ਮਾਹੀਆ, ਜੁਗਨੀ ਆਦਿ ਹਨ। ਇਨ੍ਹਾਂ ਸਭਨਾਂ ਵਿਸ਼ਿਆਂ ਨੂੰ ਇਕ ਤੋਂ ਵੱਧ ਸ਼ੈਲੀਆਂ ਵਿਚ ਗਾਇਆ ਜਾਂਦਾ ਹੈ ਜਿਵੇਂ ਹੀਰ ਲਈ ਮਲਵਈ ਕਵੀਸ਼ਰੀ ਵਿਚ ਕਲੀ ਸ਼ੈਲੀ ਪ੍ਰਸਿੱਧ ਹੈ ਅਤੇ ਇਸ ਹੀਰ ਦੀ ਧੁਨ ਵੰਝਲੀ 'ਤੇ ਵੀ ਵਜਾਈ ਜਾਂਦੀ ਹੈ। ਉਂਝ ਵੀ ਪੰਜਾਬ ਵਿਚ ਵੰਝਲੀ ਸਭ ਤੋਂ ਵੱਧ ਜੁੜੀ ਵੀ ਰਾਂਝੇ ਨਾਲ ਹੋਈ ਹੈ। ਉਨੀ ਹੀ ਜਿੰਨੀ ਹਿੰਦੂ ਪਰੰਪਰਾ ਵਿਚ ਕ੍ਰਿਸ਼ਨ ਨਾਲ ਬੰਸਰੀ।

ਪੇਸ਼ ਸੀਡੀਜ਼ ਵਿਚ ਹੀਰ ਪਹਿਲਾਂ ਬਾਬਾ ਕਾਸ਼ੀ ਨਾਥ ਵੰਝਲੀ 'ਤੇ ਵਜਾਉਂਦਾ ਹੈ ਅਤੇ ਫੇਰ ਇਸ ਨੂੰ ਢਾਡੀ ਦੇਸ ਰਾਜ ਲਚਕਾਣੀ ਦਾ ਜਥਾ ਢੱਡ ਅਤੇ ਸਾਰੰਗੀ ਦੀ ਸੰਗਤ ਨਾਲ ਕਲੀ ਸ਼ੈਲੀ ਅਤੇ ਜੋੜੀ ਸ਼ੈਲੀ ਵਿਚ ਸਰੋਤਿਆਂ ਲਈ ਪੇਸ਼ ਕਰਦਾ ਹੈ, ਇਸੇ ਤਰ੍ਹਾਂ ਮਿਰਜ਼ੇ ਦੀ ਪ੍ਰੀਤ ਗਾਥਾ ਵੀ ਕਈ ਸ਼ੈਲੀਆਂ ਵਿਚ ਗਾਈ ਜਾਂਦੀ ਹੈ। ਇਸ ਨੂੰ ਅੰਗ ਸ਼ੈਲੀ ਅਤੇ ਜੋੜੀ ਸ਼ੈਲੀ ਵਿਚ ਸਰੋਤਿਆਂ ਲਈ ਪੇਸ਼ ਕਰਕੇ ਵਿਖਾਇਆ ਹੈ। ਦੇਸ ਰਾਜ ਲਚਕਾਣੀ ਦੇ ਢਾਡੀ ਜਥੇ ਨੇ। ਢਈਆ ਮਿਰਜ਼ਾ ਬੀਨ 'ਤੇ ਵਜਾ ਕੇ ਸੁਣਾਇਆ ਹੈ ਬਾਬਾ ਕਾਸ਼ੀਨਾਥ ਨੇ।

ਢੋਲ ਸੰਮੀ ਦੀ ਪ੍ਰੇਮ ਕਹਾਣੀ ਰਾਜਸਥਾਨੀ ਪ੍ਰੀਤ ਗਾਥਾ ਢੋਲ ਮਾਰੂ ਦਾ ਥੋੜ੍ਹਾ ਬਦਲਿਆ ਰੂਪ ਹੈ। ਇਹ ਪੂਰਬੀ ਪੰਜਾਬ ਨਾਲੋਂ ਪੱਛਮੀ ਪੰਜਾਬ ਵਿਚ ਵਧੇਰੇ ਲੋਕਪ੍ਰਿਆ ਹੈ। ਇਸ ਦੀਆਂ ਵੱਖੋ ਵੱਖ ਸ਼ੈਲੀਆਂ ਨੂੰ ਦੇਸ ਰਾਜ ਲਚਕਾਣੀ ਦੇ ਢਾਡੀ ਜਥੇ ਦੇ ਇਲਾਵਾ ਜਗਤ ਰਾਮ ਲਾਲਕਾ ਨੇ ਤੂੰਬੀ ਅਤੇ ਅਲਗੋਜ਼ਿਆਂ ਦੀ ਸੰਗਤ 'ਤੇ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਮੰਗਲ ਸਿੰਘ ਸੁਨਾਮੀ ਨੇ ਨਾਲ ਢੋਲ ਸਿਰਫ਼ ਅਲਗੋਜ਼ਿਆਂ 'ਤੇ ਵਜਾਇਆ ਹੈ।

ਇਨ੍ਹਾਂ ਤੋਂ ਇਲਾਵਾ ਪੂਰਨ ਭਗਤ ਦੀ ਕਲੀ, ਮਾਹੀਆ ਆਦਿ ਦੇ ਗਾਇਨ ਨਮੂਨੇ ਵੀ ਪੇਸ਼ ਕੀਤੇ ਗਏ ਹਨ। ਪੰਜਾਬ ਲੋਕ ਗਾਇਕੀ ਦੇ ਇਕ ਨਮੂਨੇ ਵਜੋਂ ਇਨ੍ਹਾਂ ਵਿਚੋਂ ਇਕ ਸੀਡੀ ਵਿਚ ਇਕ ਛੋਟਾ ਜਿਹਾ ਟੁਕੜਾ ਪੁਆਧੀ ਅਖਾੜੇ ਦਾ ਵੀ ਸ਼ਾਮਲ ਕੀਤਾ ਗਿਆ ਹੈ। ਇਥੇ ਇਹ ਉਨਾ ਪ੍ਰਭਾਵਸ਼ਾਲੀ ਨਹੀਂ ਲੱਗਦਾ ਜਿੰਨਾ ਇਹ ਤੀਸਰੀ ਸੀਡੀ ਵਿਚ ਲੱਗਦਾ ਹੈ। ਜੋ ਕਿ ਸਾਰੀ ਦੀ ਸਾਰੀ ਇਸ ਵਿਲੱਖਣ ਗਾਇਨ ਸ਼ੈਲੀ ਨੂੰ ਸਮਰਪਿਤ ਹੈ। ਮੈਂ ਆਪ ਅਜਿਹੇ ਪ੍ਰੋਗਰਾਮ ਨੂੰ ਪਹਿਲੀ ਵਾਰ ਸੁਣਿਆ ਹੈ। ਪਰ ਸੁਣ ਕੇ ਨਿਹਾਲ ਹੋ ਗਿਆ ।

ਇਸ ਗਾਇਨ ਵੰਨਗੀ ਵਿਚ ਇਕ ਨਚਾਰ ਨੂੰ ਛੱਡ ਕੇ ਬਾਕੀ ਸਾਰੇ ਕਲਾਕਾਰ ਬਜ਼ੁਰਗ ਹਨ ਪਰ ਸਾਰਿਆਂ ਦੀ ਪਰਫਾਰਮੈਂਸ ਕਮਾਲ ਦੀ ਹੈ। ਰਿਕਾਰਡਡ ਪ੍ਰੋਗਰਾਮ ਭਗਤ ਚਰਨ ਸਿੰਘ ਦਿਆਲਪੁਰੇ ਦੇ ਜਥੇ ਨੇ ਪੇਸ਼ ਕੀਤਾ ਹੈ। ਸਾਦਾ ਪਰ ਝੂਮਣ ਲਾ ਦਿੰਦੀ ਤਾਲ 'ਤੇ ਜਿਸ ਖ਼ੂਬਸੂਰਤੀ ਨਾਲ ਨਚਾਰ ਅਮਰੀਕ ਸਿੰਘ ਔਰਤ ਦੇ ਭੇਸ ਵਿਚ ਨੱਚਿਆ ਹੈ, ਮਨ ਮੋਹ ਲੈਂਦਾ ਹੈ। ਮੈਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਔਰਤ ਬਣ ਕੇ ਨੱਚਦਾ ਬੰਦਾ ਚੰਗਾ ਲੱਗਾ ਹੈ। ਗਾਈ ਜਾਂਦੀ ਕਵੀਸ਼ਰੀ ਲਈ ਪੰਜਾਬ ਦੇ ਪੁਆਧੀ ਡਾਇਆਲੈਕਟ ਦੀ ਵਰਤੋਂ ਵੀ ਸੁਹਣੀ ਲੱਗਦੀ ਹੈ। ਭਗਤ ਜੀ ਦੇ ਦੱਸਣ ਅਨੁਸਾਰ ਉਨ੍ਹਾਂ ਦਾ ਜਥਾ ਕੌਰਵ-ਪਾਂਡਵ ਦਾ ਯੁੱਧ, ਕ੍ਰਿਸ਼ਨ ਜਨਮ, ਦੇਵੀ ਭਾਗਵਤ ਅਤੇ ਹੋਰ ਗ੍ਰੰਥਾਂ ਵਿਚੋਂ ਪ੍ਰਸੰਗ ਵੀ ਗਾਉਂਦਾ ਹੈ। ਮੇਰੀ ਸਲਾਹ ਹੈ ਕਿ ਯੂਨੀਵਰਸਿਟੀ ਇਹ ਸਾਰੇ ਦੇ ਸਾਰੇ ਪੂਰੇ ਪ੍ਰਸੰਗ ਰਿਕਾਰਡ ਕਰਕੇ ਆਪਣੀ ਆਰਕਾਈਵ ਵਿਚ ਰੱਖੇ (ਹੋ ਸਕਦਾ ਹੈ ਅਜਿਹਾ ਉਨ੍ਹਾਂ ਕਰ ਹੀ ਲਿਆ ਹੋਵੇ)। ਜੇਕਰ ਇਸ ਜਥੇ ਨੂੰ ਸਹੀ ਮੌਕਾ ਮਿਲੇ ਤਾਂ ਹੋ ਸਕਦਾ ਹੈ ਕਿ ਇਹ ਪੰਡਵਾਨੀ ਸ਼ੈਲੀ ਦੀ ਕਲਾਕਾਰ ਤੀਜਨ ਬਾਈ ਵਾਂਗ ਦੇਸ਼-ਵਿਦੇਸ਼ ਵਿਚ ਨਾਮਣਾ ਖੱਟੇ।

ਚੌਥੀ ਸੀਡੀ ਗੁਰਬਾਣੀ ਸੰਗੀਤ ਗਾਇਨ ਦੀ ਹੈ। ਇਸ ਨੂੰ ਪੇਸ਼ ਕਰਨ ਲਈ ਗੁਰੂ ਕਾਲ ਦੇ ਰਬਾਬੀ ਕੀਰਤਨੀਏ ਭਾਈ ਸੱਦੂ ਮੱਦੂ ਜੀ ਦੀ ਵੰਸ਼ ਵਿਚੋਂ ਸ੍ਰੀ ਹਰਮੰਦਿਰ ਸਾਹਿਬ ਦੇ ਪ੍ਰਸਿੱਧ ਕੀਰਤਨੀਏ ਭਾਈ ਚਾਂਦ ਦੇ ਭਤੀਜੇ ਰਬਾਬੀ ਭਾਈ ਗੁਲਾਮ ਮੁਹੰਮਦ ਚਾਂਦ (ਲਾਹੌਰ) ਨੂੰ ਚੁਣਿਆ ਗਿਆ ਹੈ। ਪ੍ਰਸਤੁਤ ਸੀਡੀ ਭਾਈ ਚਾਂਦ ਵਲੋਂ 25 ਅਕਤੂਬਰ 2004 ਦੀ ਰਾਤ ਯੂਨੀਵਰਸਿਟੀ ਵਿਖੇ ਕੀਤੇ ਗਏ ਕੀਰਤਨ ਦੀ ਲਾਈਵ ਰਿਕਾਰਡਿੰਗ ਹੈ। ਮੰਗਲਾਚਰਣ ਨਾਲ ਸ਼ੁਰੂਆਤ ਕਰਕੇ ਸਭ ਤੋਂ ਪਹਿਲਾਂ ਭਾਈ ਸਾਹਿਬ ਨੇ ਰਾਗ ਕੌਂਸਰ ਧੁਨੀ ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਲੋਕ ਜਾਚਕੁ ਮੰਗੇ ਦਾਨੁ ਦੇਹਿ ਪਿਆਰਿਆ (ਗੁਰੂ ਗ੍ਰੰਥ ਸਾਹਿਬ, ਪੰਨਾ 320) ਦਾ ਪਹਿਲਾ ਵਿਲੰਬਤ ਵਿਚ ਅਤੇ ਫੇਰ ਦਰੁੱਤ ਲੈਅ ਵਿਚ ਗਾਇਨ ਪੇਸ਼ ਕੀਤਾ ਹੈ।

ਇਸ ਦੇ ਬਾਅਦ ਰਾਗ ਆਸਾ ਵਿਚ ਰਚਨਾਵਾਂ ਦਾ ਗਾਇਨ ਕੀਤਾ ਹੈ-ਪਹਿਲਾਂ ਕਬੀਰ ਸਾਹਿਬ ਦਾ ਸ਼ਬਦ ***ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ*** (ਪੰਨਾ 478) ਅਤੇ ਇਸ ਦੇ ਬਾਅਦ ਗੁਰੂ ਅਰਜਨ ਦੇਵ ਜੀ ਦੇ ਸ਼ਲੋਕ ***ਰਤੇ ਸੇਈ ਜਿ ਮੁਖੁ ਨ ਮੋੜੰਨਿ*** (ਪੰਨਾ 1425)। ਬਾਬਾ ਫਰੀਦ ਦਾ ਸ਼ਲੋਕ ***ਇਹ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ*** (ਪੰਨਾ 1370) ਰਾਗ ਬਿਹਾਗ ਵਿਚ ਪ੍ਰਸਤੁਤ ਹੈ। ਅੰਤਿਮ ਪੇਸ਼ਕਸ਼ ਰਾਗ ਮਾਰਵਾ ਵਿਚ ਗਾਈ ਗੁਰੂ ਗੋਬਿੰਦ ਸਿੰਘ ਦੀ ਸ਼ਾਹਕਾਰ ਰਚਨਾ ***ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ*** ਹੈ। ਸੁਣ ਕੇ ਲੱਗਦਾ ਹੈ ਕਿ ਇਸ ਦਾ ਗਾਇਨ ਸ਼ਾਇਦ ਹੀ ਕਿਸੇ ਹੋਰ ਰਾਗੀ ਨੇ ਇੰਨੇ ਪ੍ਰਭਾਵਸ਼ਾਲੀ ਰੂਪ ਵਿਚ ਕੀਤਾ ਹੋਵੇ।

ਇਹ ਸਾਰੀਆਂ ਸੀਡੀਜ਼ ਸੁਣ ਕੇ ਪੰਜਾਬੀ ਸੰਗੀਤਕ ਵਿਰਸੇ 'ਤੇ ਮਾਣ ਮਹਿਸੂਸ ਹੁੰਦਾ ਹੈ। ਪੰਜਾਬੀ ਯੂਨੀਵਰਸਿਟੀ ਦੇ ਇਸ ਯਤਨ ਦੀ ਦਿਲੋਂ ਪ੍ਰਸੰਸਾ ਕਰਨੀ ਬਣਦੀ ਹੈ। ਆਸ ਹੈ ਭਵਿੱਖ ਵਿਚ ਵੀ ਯੂਨੀਵਰਸਿਟੀ ਅਜਿਹੇ ਹੋਰ ਸੈਟ ਜਾਰੀ ਕਰਕੇ ਇਸ ਨਿੱਗਰ ਪਰੰਪਰਾ ਨੂੰ ਅੱਗੇ ਵਧਾਏਗੀ।

ਚਾਰੇ ਸੀਡੀਜ਼ ਦੇ ਸੈੱਟ ਦਾ ਮੁੱਲ ਸਿਰਫ਼ ਦੋ ਸੌ ਚਾਲੀ ਰੁਪਏ ਹੈ। ਮੈਂ ਚਾਹੁੰਦਾ ਹਾਂ ਕਿ ਪੰਜਾਬੀ ਆਪਣੇ ਦੇਸ਼ ਵਿਦੇਸ਼ ਦੇ ਸੰਗੀਤ ਪ੍ਰੇਮੀ ਦੋਸਤ-ਮਿੱਤਰਾਂ ਨੂੰ ਵਿਸ਼ੇਸ਼ ਅਵਸਰਾਂ 'ਤੇ ਇਹ ਸੈੱਟ ਬਤੌਰ ਤੋਹਫ਼ਾ ਦੇਣ।

***ਪੰਜਾਬੀ ਟ੍ਰਿਬਿਊਨ ਵਿਚੋਂ ਧੰਨਵਾਦ ਸਹਿਤ***

# ਖੋਜੀ ਕੀਰਤਨਕਾਰ - ਡਾ. ਜਸਬੀਰ ਕੌਰ ਪਟਿਆਲਾ

## ਅਵਤਾਰ ਸਿੰਘ 'ਹੰਸ'

ਕੀਰਤਨ ਦਾ ਅਰਥ ਗੁਰਬਾਣੀ ਨੂੰ ਸੰਗੀਤ ਵਿਚ ਸਮੋ ਕੇ ਗਾਉਣਾ ਹੈ। ਇਸ ਨੂੰ ਮਨ-ਬੁੱਧੀ ਅਤੇ ਰੂਹ ਦੇ ਅਤਿ ਨੇੜੇ ਰੱਖਣ ਲਈ ਗੁਰੂ ਪਿਤਾ ਜੀ ਨੇ ਗੰਭੀਰ ਤੇ ਵੈਰਾਗਮਈ ਗੁਰਬਾਣੀ ਨੂੰ ਸੰਗੀਤ ਦੀਆਂ ਹੁਲਾਸ ਭਰਪੂਰ ਪ੍ਰਕਿਰਤੀ ਵਾਲੀਆਂ ਸੰਗੀਤਕ ਸੁਰਾਂ ਨਾਲ ਓਤਪੋਤ ਕਰਕੇ ਆਪ ਗਾਵਿਆ ਅਤੇ ਕੀਰਤਨ ਅਭਿਲਾਸ਼ੀਆਂ ਨੂੰ ਗਾਉਣ ਦਾ ਆਦੇਸ਼ ਦਿੱਤਾ।

ਡਾ. ਜਸਬੀਰ ਕੌਰ ਜੀ, ਗੁਰੂ ਸਾਹਿਬ ਜੀ ਦੇ ਇਸ ਆਦੇਸ਼ ਦਾ ਬੜੀ ਦ੍ਰਿੜਤਾ ਨਾਲ ਪਾਲਣ ਕਰਦੇ ਹੋਏ ਪ੍ਰੰਪਰਾਗਤ ਕੀਰਤਨ ਵਿਧੀ ਅਨੁਸਾਰ ਨਿਰਧਾਰਤ ਰਾਗਾਂ ਵਿਚ ਤੰਤੀ ਸਾਜ਼ਾਂ ਦੁਆਰਾ ਬੜਾ ਹੀ ਮਧੁਰ ਤੇ ਰਸਭਿੰਨਾ ਕੀਰਤਨ ਕਰਦੇ ਹਨ। ਗੁਰਮਤਿ ਸੰਗੀਤ ਖੇਤਰ ਵਿਚ ਡਾ. ਜਸਬੀਰ ਕੌਰ ਜੀ ਦੀ ਗੁਰਮਤਿ ਸੰਗੀਤ ਦੇ ਖੋਜੀ ਸੰਗੀਤਕਾਰ ਅਤੇ ਕਲਾਸਕੀ ਕੀਰਤਨਕਾਰ ਵਜੋਂ ਨਿਵੇਕਲੀ ਪਹਿਚਾਣ ਹੈ।

ਆਪ ਜੀ ਨੇ ਗੁਰਮਤਿ ਸੰਗੀਤ ਦੀਆਂ ਭਿੰਨ ਭਿੰਨ ਕੀਰਤਨ ਸ਼ੈਲੀਆਂ ਦੀ ਖੋਜ ਕਰਕੇ, ਲਿੱਪੀਬੱਧ ਕਰਕੇ ਤੇ ਆਵਾਜ਼ ਦੇ ਕੇ ਰੂਪਮਾਨ ਕੀਤਾ। ਗੁਰਮਤਿ ਸੰਗੀਤ ਵਿਸ਼ੇ 'ਤੇ ਅਨੇਕਾਂ ਪੁਸਤਕਾਂ ਲਿਖ ਕੇ ਅਤੇ ਸੰਪਾਦਨ ਕਰਕੇ ਸੰਗੀਤ ਖੇਤਰ ਵਿਚ ਭਾਰੀ ਯੋਗਦਾਨ ਪਾਇਆ ਹੈ। ਬੀਬੀ ਜਸਬੀਰ ਕੌਰ ਦਾ ਜਨਮ 21 ਅਕਤੂਬਰ 1958 ਵਿਚ ਸ. ਪ੍ਰੀਤਮ ਸਿੰਘ-ਮਾਤਾ ਗੁਰਸ਼ਰਨ ਕੌਰ ਦੇ ਗ੍ਰਹਿ ਪਿੰਡ ਰਸੂਲਪੁਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ।

ਧਾਰਮਿਕ ਪ੍ਰਵਿਰਤੀ ਦੀ ਪ੍ਰੇਰਨਾ ਆਪ ਨੂੰ ਨਾਨਕੇ ਦਾਦਕੇ ਪਰਿਵਾਰ ਤੋਂ ਮਿਲੀ। ਕੀਰਤਨ ਦੀ ਮੁਢਲੀ ਸਿੱਖਿਆ ਰਾਗੀ ਭਾਈ ਧਰਮ ਸਿੰਘ ਜੀ ਪਾਸੋਂ ਬਚਪਨ ਵਿਚ ਪ੍ਰਾਪਤ ਕੀਤੀ। ਜਸਬੀਰ ਕੌਰ ਜੀ ਨੇ ਮੁਢਲੀ ਵਿੱਦਿਆ ਸਰਕਾਰੀ ਸਕੂਲ ਗੁਰਦਾਸਪੁਰ ਤੋਂ ਅਤੇ ਬੀ.ਏ. ਸਰਕਾਰ ਕਾਲਜ ਗੁਰਦਾਸਪੁਰ ਅਤੇ ਐਮ.ਏ. ਸੰਗੀਤ ਪ੍ਰਥਮ ਸ਼੍ਰੇਣੀ ਵਿਚ ਪਾਸ ਕੀਤੀ।

ਕਾਲਜ ਦੀ ਪੜ੍ਹਾਈ ਦੌਰਾਨ ਆਪ ਨੂੰ ਸ਼ਬਦ ਗਾਇਨ, ਸ਼ਾਸਤਰੀ ਗਾਇਨ, ਲੋਕ ਗਾਇਕੀ, ਰੰਗ ਮੰਚ, ਗਿੱਧਾ ਪੇਂਟਿੰਗ ਅਤੇ ਲੇਖ ਮੁਕਾਬਲਿਆਂ ਵਿਚ ਭਾਗ ਲੈਣ ਦਾ ਬੇਹੱਦ ਸ਼ੌਕ ਸੀ। ਕਾਲਜ ਖੇਤਰ ਵਿਚ ਇਨ੍ਹਾਂ ਨੇ ਅਨੇਕਾਂ ਮੁਕਾਬਲਿਆਂ-ਯੂਥ ਫੈਸਟੀਬਲਾਂ ਵਿਚ ਭਾਗ ਲੈ ਕੇ ਅਨੇਕਾਂ ਇਨਾਮ ਜਿੱਤੇ। ਸੰਗੀਤ ਦੀ ਮੁਢਲੀ ਤਾਲੀਮ ਮਹਾਨ ਸੰਗੀਤਕਾਰ ਪੰਡਤ ਸੂਰਜ ਪ੍ਰਕਾਸ਼ ਜੀ ਪਾਸੋਂ ਪ੍ਰਾਪਤ ਕੀਤੀ ਫਿਰ ਸ਼ਾਸਤਰੀ ਸੰਗੀਤ ਤੇ ਗੁਰਮਤਿ ਸੰਗੀਤ ਦੀ ਉੱਚ ਤਾਲੀਮ ਗੁਰਮਤਿ ਸੰਗੀਤ ਦੇ ਮਹਾਨ ਸੰਗੀਤ ਅਚਾਰੀਆ ਪ੍ਰੋ: ਤਾਰਾ ਸਿੰਘ ਜੀ, ਪ੍ਰਿੰਸੀਪਲ ਸਮਸ਼ੇਰ ਸਿੰਘ ਕਰੀਰ ਅਤੇ ਉਸਤਾਦ ਜਸਵੰਤ ਸਿੰਘ ਭੰਵਰਾ ਜੀ ਪਾਸੋਂ ਹਾਸਲ ਕਰਕੇ ਸੰਗੀਤ ਵਿਚ ਨਿਪੁੰਨਤਾ, ਪ੍ਰਵੀਨਤਾ ਤੇ ਪ੍ਰਸਿੱਧੀ ਹਾਸਲ ਕੀਤੀ।

ਸੰਗੀਤ ਵਿਸ਼ੇ ਤੇ ਸੰਗੀਤ ਪ੍ਰਭਾਕਰ, ਐਮ ਏ. (ਸੰਗੀਤ) ਕਰਨ ਤੋਂ ਬਾਅਦ ਆਪ ਨੇ 1993 ਵਿਚ 'ਗੁਰਮਤਿ ਸੰਗੀਤ ਦਾ ਇਤਿਹਾਸਕ ਵਿਕਾਸ' ਵਿਸ਼ੇ 'ਤੇ ਸ਼ੋਧ ਪ੍ਰਬੰਧ ਲਿਖ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਗੁਰਮਤਿ ਸੰਗੀਤ ਤੇ ਪੀ. ਐਚ.ਡੀ. ਕਰਨ ਵਾਲੀ ਪਹਿਲੀ ਇਸਤਰੀ ਹੋਣ ਦਾ ਮਾਣ ਵੀ ਡਾ. ਜਸਬੀਰ ਕੌਰ ਨੂੰ ਪ੍ਰਾਪਤ ਹੁੰਦਾ ਹੈ।

ਜੂਨ 1984 ਵਿਚ ਹੋਏ ਬਲਿਊ ਸਟਾਰ ਅਪ੍ਰੇਸ਼ਨ ਸਮੇਂ ਆਪ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਕਾਫੀ ਸਮਾਂ ਬੀਬੀ ਜੀ ਨੇ ਜੇਲ੍ਹ ਯਾਤਰਾ ਕੀਤੀ। ਉਸ ਸਮੇਂ ਦੌਰਾਨ ਵੀ ਆਪਣੀ ਪੜ੍ਹਾਈ ਤੇ ਸੰਗੀਤਕ ਖੋਜ ਜਾਰੀ ਰੱਖੀ। ਅੱਜ ਕਲ੍ਹ ਡਾ. ਜਸਬੀਰ ਕੌਰ ਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬਤੌਰ ਸੀਨੀਅਰ ਲੈਕਚਰਾਰ ਪੰਜਾਬੀ ਭਾਸ਼ਾ ਵਿਕਾਸ ਵਜੋਂ ਸੇਵਾ ਨਿਭਾ ਰਹੇ ਹਨ।

ਇਸੇ ਸਮੇਂ ਦੌਰਾਨ ਡਾ. ਸਾਹਿਬਾ ਨੇ ਗੁਰਮਤਿ ਸੰਗੀਤ ਪਰੰਪਰਾਵਾਂ ਦਾ ਡੂੰਘਾ ਅਧਿਐਨ ਕੀਤਾ। ਗੁਰਮਤਿ ਸੰਗੀਤ ਵਿਕਾਸ ਅਤੇ ਪ੍ਰਬੰਧ ਬਾਰੇ ਲਗਭਗ 2 ਦਰਜਨ ਤੋਂ ਵੱਧ ਖੋਜ ਪੱਤਰ ਆਪ ਜੀ ਨੇ ਪੇਸ਼ ਕੀਤੇ। ਪੰਜਾਬੀ ਭਾਸ਼ਾਈ ਇਤਿਹਾਸ, ਸ਼ਾਸਤਰੀ ਗਾਇਨ, ਬੰਦਸ਼ਾਂ, ਗਾਇਨ ਕਲਾ ਰਾਗਾਂ ਦਾ ਵਿਕਾਸ ਅਤੇ ਵਿਵੇਚਨਾਤਾਮਕ ਅਧਿਐਨ ਅਤੇ ਗੁਰਮਤਿ ਸੰਗੀਤ ਨਾਲ ਸਬੰਧਿਤ ਦਰਜਨ ਦੇ ਕਰੀਬ ਪੁਸਤਕਾਂ ਦੀ ਵਿਭਾਗੀ ਸੰਪਾਦਨਾ ਕੀਤੀ। ਕੀਰਤਨ

ਚੌਕੀਆਂ, ਢਾਡੀ ਕਲਾ, ਧੁਨੀਆਂ, ਵਾਰਾਂ ਬਾਰੇ ਡਾ. ਸਾਹਿਬ ਨੇ ਅਦਭੁਤ ਖੋਜ ਕੀਤੀ ਹੈ।

2006 ਵਿਚ ਡਾ. ਜਸਬੀਰ ਕੌਰ ਜੀ ਨੇ ਗੁਰਮਤਿ ਸੰਗੀਤ ਬਾਰੇ ਖੋਜ ਭਰਪੂਰ ਪੁਸਤਕ 'ਗੁਰਮਤਿ ਸੰਗੀਤ ਦੀ ਇਤਿਹਾਸਕ ਵਿਲੱਖਣਤਾ' ਲਿਖੀ। ਜਿਸ ਨੂੰ ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲਿਆਂ ਨੇ ਪ੍ਰਕਾਸ਼ਿਤ ਕੀਤਾ। ਗੁਰਮਤਿ ਸੰਗੀਤ ਦੇ ਵਿਦਿਆਰਥੀਆਂ , ਕੀਰਤਨੀਆਂ ਤੇ ਲੇਖਕਾਂ ਲਈ ਇਹ ਪੁਸਤਕ ਬਹੁਤ ਹੀ ਅਨਮੋਲ ਸੌਗਾਤ ਹੈ। ਪੁਸਤਕ ਵਿਚ 31 ਰਾਗਾਂ ਦੀਆਂ ਨੋਟੇਸ਼ਨਾਂ ਵੀ ਕਾਬਿਲੇਤਾਰੀਫ਼ ਹਨ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਬਾਣੀ ਸੰਗੀਤ ਪ੍ਰਬੰਧ 'ਸ੍ਰੀ ਗੁਰੂ ਗ੍ਰੰਥ ਸਾਹਿਬ ਸੰਗੀਤਕ ਦਰਸ਼ਨ (ਸੋਵੀਨਾਰ) ਆਦਿ, ਪੁਸਤਕਾਂ ਆਪਣੇ ਸੰਗਤਾਂ ਨੂੰ ਭੇਟ ਕੀਤੀਆਂ।

ਡਾ. ਜਸਬੀਰ ਕੌਰ ਵਲੋਂ ਲਿਖੇ ਖੋਜ ਭਰਪੂਰ ਆਰਟੀਕਲ, ਪੰਜਾਬ ਦੇ ਪ੍ਰਸਿੱਧ ਮਾਸਕ ਪੱਤਰਾਂ, ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੁੰਦੇ ਹੀ ਰਹਿੰਦੇ ਹਨ। ਪਿਛੇ ਜਿਹੇ ਰੋਜ਼ਾਨਾ ਅਜੀਤ ਅਖ਼ਬਾਰ ਵਿਚ ਇਨ੍ਹਾਂ ਦਾ ਆਰਟੀਕਲ 'ਗੁਰਮਤਿ ਸੰਗੀਤ ਦੇ ਪ੍ਰਮੁੱਖ ਕੀਰਤਨਕਾਰ' ਲਗਾਤਾਰ ਕਈ ਮਹੀਨੇ ਪ੍ਰਕਾਸ਼ਿਤ ਹੁੰਦਾ ਰਿਹਾ ਹੈ, ਜਿਸ ਨੂੰ ਸੰਗਤਾਂ ਵਲੋਂ ਬਹੁਤ ਪਸੰਦ ਕੀਤਾ ਗਿਆ। ਮਹਾਨ ਖੋਜ ਕਾਰਜਾਂ ਦੇ ਨਾਲ ਨਾਲ ਬੀਬੀ ਜਸਬੀਰ ਕੌਰ ਜੀ ਗੁਰਬਾਣੀ ਕੀਰਤਨ ਨਾਲ ਤਨੋਂ ਮਨੋਂ ਜੁੜੇ ਹੋਏ ਹਨ। ਕੀਰਤਨ ਖੇਤਰ ਵਿਚ ਵੀ ਆਪ ਜੀ ਦੀਆਂ ਅਨੇਕਾਂ ਸੇਵਾਵਾਂ ਤੇ ਪ੍ਰਾਪਤੀਆਂ ਹਨ।

1991 ਤੋਂ ਲੈ ਕੇ ਹੁਣ ਤਕ ਜਵੱਦੀ ਟਕਸਾਲ ਵਲੋਂ ਆਯੋਜਿਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਵਿਚ ਆਪ ਜੀ ਨੇ ਭਾਗ ਲਿਆ ਤੇ ਹੋਰ ਕਾਰਜਾਂ ਵਿਚ ਯੋਗਦਾਨ ਪਾਇਆ। ਸੰਮੇਲਨ ਵਿਚ ਆਪ ਜੀ ਨੇ, ਨਿਰਧਾਰਤ ਰਾਗਾਂ ਤੇ ਮਿਸ਼ਰਤ ਰਾਗਾਂ ਤੋਂ ਇਲਾਵਾ ਅਲਾਹੁਣੀਆਂ, ਘੋੜੀਆਂ, ਪਉੜੀ, ਛੰਤ, ਗੁਣਵੰਤੀ, ਫੁਨਹੇ ਚਉਬੋਲੇ, ਪੜਤਾਲਾਂ ਅਤੇ ਰਾਗ ਮਾਲਾ ਦੇ ਰਾਗਾਂ ਵਿਚ ਵੱਖ ਵੱਖ ਸ਼ੈਲੀਆਂ ਦਾ ਬਾਖੂਬੀ ਗਾਇਨ ਕੀਤਾ।

ਜਵੱਦੀ ਤੋਂ ਇਲਾਵਾ ਆਪ ਜੀ ਨੇ ਦਿੱਲੀ, ਚੰਡੀਗੜ੍ਹ, ਹਜ਼ੂਰ ਸਾਹਿਬ, ਦਮਦਮਾ ਸਾਹਿਬ, ਪਟਿਆਲਾ ਵਿਖੇ ਹੋਏ ਗੁਰਮਤਿ ਸੰਗੀਤ ਸੰਮੇਲਨਾਂ ਵਿਚ ਕੀਰਤਨ ਦੀਆਂ ਛਹਿਬਰਾਂ ਲਾਈਆਂ। ਵੱਡੇ ਵੱਡੇ ਸ਼ਹਿਰਾਂ ਵਿਚ ਕੀਰਤਨ ਦਰਬਾਰਾਂ ਵਿਚ ਅਕਸਰ ਆਪ ਨੂੰ ਕੀਰਤਨ ਲਈ ਬੁਲਾਇਆ ਜਾਂਦਾ ਹੈ ਤੇ ਮਾਨ ਸਨਮਾਨ ਕੀਤਾ ਜਾਂਦਾ ਹੈ।

ਗੁਰਮਤਿ ਸੰਗੀਤ ਸੰਮੇਲਨਾਂ ਵਿਚ ਹੋਈ ਦੁਰਲਭ ਰਿਕਾਰਡਿੰਗ ਤੋਂ ਇਲਾਵਾ ਡਾ. ਸਾਹਿਬ ਜੀ ਦੀ ਮਧੁਰ ਆਵਾਜ਼ ਵਿਚ ਦੋ ਕੈਸਟਾਂ - "ਬ੍ਰਹਮ ਗਿਆਨੀ ਸਦਾ ਜੀਵੈ " ਅਤੇ "ਪ੍ਰਭ ਕੀਜੈ ਕ੍ਰਿਪਾ ਨਿਧਾਨ" ਕੈਸਟਾਂ ਰਿਲੀਜ਼ ਹੋਈਆਂ। ਮਹਾਨ ਸੰਗੀਤਕ ਸੇਵਾਵਾਂ ਸਦਕਾ ਡਾ. ਸਾਹਿਬ ਨੂੰ ਕਈ ਸੰਸਥਾਵਾਂ, ਸਭਾ ਸੁਸਾਇਟੀਆਂ ਵਲੋਂ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ 1993 ਵਿਚ ਭਾਈ ਮਰਦਾਨਾ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ ਵਲੋਂ 'ਭਾਈ ਮਰਦਾਨਾ ਯਾਦਗਾਰੀ ਐਵਾਰਡ' ਦਿੱਤਾ ਗਿਆ। ਫਿਰ 1994 ਵਿਚ ਅਕਾਲੀ ਕੌਰ ਸਿੰਘ ਪੁਰਸਕਾਰ, 1995 ਵਿਚ ਡਾ. ਮਹਿੰਦਰ ਸਿੰਘ ਰੰਧਾਵਾ ਯਾਦਗਾਰੀ ਐਵਾਰਡ, 1995 ਵਿਚ ਹੀ ਭਾਈ ਸੱਤਾ ਬਲਵੰਡ ਪੁਰਸਕਾਰ, 1996 ਵਿਚ ਡਾ. ਮਿਹਰ ਸਿੰਘ ਪੁਰਸਕਾਰ ਪ੍ਰਾਪਤ ਹੋਏ। 1997 ਵਿਚ ਵਿਸਮਾਦ ਨਾਦ 'ਜਵੱਦੀ ਟਕਸਾਲ ਵਲੋਂ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਡਾ. ਜਸਬੀਰ ਕੌਰ ਜੀ ਨੂੰ ਗੁਰਮਤਿ ਸੰਗੀਤ ਐਵਾਰਡ ਪ੍ਰਦਾਨ ਕੀਤਾ। ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵੀ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ।

ਡਾ. ਜਸਬੀਰ ਕੌਰ ਜੀ ਉਚ ਕੋਟੀ ਦੇ ਬੁਲਾਰੇ ਤੇ ਸੁਚੱਜੇ ਪ੍ਰਬੰਧਕ ਵੀ ਹਨ। ਆਪ ਜੀ ਨੇ ਕਈ ਅੰਤਰਰਾਸ਼ਟਰੀ ਕਾਨਫਰੰਸਾਂ, ਸੈਮੀਨਾਰਾਂ, ਸੰਮੇਲਨਾਂ ਵਿਚ ਭਾਗ ਲਿਆ ਤੇ ਆਯੋਜਨਾਂ ਵਿਚ ਵੱਖ ਵੱਖ ਪ੍ਰਬੰਧਕੀ ਕਮੇਟੀਆਂ ਦੇ ਮੈਂਬਰ ਵਜੋਂ ਕਾਰਜ ਕੀਤੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਭਾਸ਼ਾ ਵਿਭਾਗ ਕਮੇਟੀ, ਅਕਾਦਮਿਕ ਕੌਂਸਲ, ਗੁਰਮਤਿ ਸੰਗੀਤ ਵਿਭਾਗ ਦੇ ਆਪ ਜੀ ਮਾਨਯੋਗ ਮੈਂਬਰ ਹਨ।

ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ ਪਟਿਆਲਾ ਦੇ ਪ੍ਰਧਾਨ ਹਨ। ਹੋਰ ਕਈ ਧਾਰਮਿਕ ਸਮਾਜਕ ਸੰਸਥਾਵਾਂ ਦੇ ਮੈਂਬਰ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਚਲਾਏ ਜਾ ਰਹੇ ਕੋਰਸ ਡਿਪਲੋਮਾ ਇਨ ਗੁਰਮਤਿ ਸੰਗੀਤ ਦੀਆਂ ਕਲਾਸਾਂ ਨੂੰ ਵੀ ਆਪ ਜੀ ਕਾਫ਼ੀ ਸਮੇਂ ਤੋਂ ਪੜ੍ਹਾ ਰਹੇ ਹਨ। ਅਨੇਕਾਂ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ, ਕੀਰਤਨ ਦੀ ਸਿੱਖਿਆ ਪ੍ਰਦਾਨ ਕਰ ਰਹੇ ਹਨ ਤੇ ਹੋਰ ਧਾਰਮਿਕ, ਸੰਗੀਤਕ, ਸਮਾਜ ਸੁਧਾਰਕ ਕਾਰਜਾਂ ਵਿਚ ਵੀ ਆਪ ਜੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਅਰਦਾਸ ਕਰਦੇ ਹਾਂ ਮਾਨਯੋਗ ਭੈਣ ਜੀ, ਇਸੇ ਤਰ੍ਹਾਂ ਗੁਰਮਤਿ ਸੰਗੀਤ ਦੀ ਸੇਵਾ ਕਰਦੇ ਰਹਿਣ ਤੇ ਤਰੱਕੀਆਂ ਵੱਲ ਵਧਣ।

*ਪ੍ਰਿੰਸੀਪਲ , ਸੰਤ ਅਤਰ ਸਿੰਘ ਗੁਰਮਤਿ ਸੰਗੀਤ ਵਿਦਿਆਲਾ, ਮਸਤੂਆਣਾ ਸਾਹਿਬ, ਸੰਗਰੂਰ*

# ਗੁਰੂ ਅੰਗਦ ਦੇਵ ਸੰਗੀਤ ਦਰਪਣ: ਇਕ ਰਿਵਿਊ

ਪ੍ਰੋ: ਚਰਨਜੀਤ ਕੌਰ

ਗੁਰੂ ਅੰਗਦ ਦੇਵ ਸੰਗੀਤ ਦਰਪਣ ਪੁਸਤਕ ਦੇ ਰਚਨਾਕਾਰ ਪ੍ਰੋ. ਕਰਤਾਰ ਸਿੰਘ ਜੀ ਹਨ। ਉਹਨਾਂ ਦੁਆਰਾ ਰਚਿਤ ਇਹ ਪੁਸਤਕ 'ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ੫੦੦ ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਹੈ। ਪ੍ਰੋ. ਕਰਤਾਰ ਸਿੰਘ ਜੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰਮਤਿ ਸੰਗੀਤ ਅਕੈਡਮੀ ਵਿਚ ਬਤੌਰ ਡਾਇਰੈਕਟਰ ਸੁਸ਼ੋਭਿਤ ਹਨ। ਇਸਤੋਂ ਪਹਿਲਾਂ ਆਪ ਗੁਰੂ ਨਾਨਕ ਗਰਲਜ਼ ਕਾਲਜ, ਲੁਧਿਆਣਾ ਵਿਖੇ ਸੰਗੀਤ ਵਿਭਾਗ ਦੇ ਮੁਖੀ ਵਜੋਂ ਤਕਰੀਬਨ ਤਿੰਨ ਦਹਾਕੇ ਸੇਵਾ ਨਿਭਾਉਂਦੇ ਰਹੇ ਹਨ। ਪਿਛਲੇ ਪੰਜ ਦਹਾਕਿਆਂ ਤੋਂ ਆਪ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ

ਪ੍ਰੋ. ਸਾਹਿਬ ਦੁਆਰਾ ਰਚਿਤ ਇਹ ਪੁਸਤਕ ਇਕ ਨਿਵੇਕਲੀ ਕਿਰਤ ਹੈ ਜਿਸ ਵਿਚ ਕੇਵਲ ਗੁਰੂ ਅੰਗਦ ਦੇਵ ਮਹਾਰਾਜ ਦੀ ਰਚਿਤ ਬਾਣੀ ਅਤੇ ਉਨ੍ਹਾਂ ਦੀ ਉਸਤਤ ਵਿਚ ਰਚਿਤ ਬਾਣੀ ਨੂੰ ਰਾਗਾਂ ਅਨੁਸਾਰ ਲਿਪੀਬੱਧ ਕੀਤਾ ਗਿਆ ਹੈ।ਇਸ ਪੁਸਤਕ ਦੀ ਇਤਿਹਾਸਿਕ ਵਿਸ਼ੇਸ਼ਤਾ ਵੀ ਬਣ ਜਾਂਦੀ ਹੈ ਕਿਉਂਕਿ ਇਸ ਤੋਂ ਪਹਿਲਾਂ ਕੋਈ ਵੀ ਐਸੀ ਪੁਸਤਕ ਨਹੀਂ,ਜਿਸ ਵਿਚ ਕੇਵਲ ਗੁਰੂ ਅੰਗਦ ਦੇਵ ਮਹਾਰਾਜ ਦੁਆਰਾ ਰਚਿਤ ਬਾਣੀ ਅਤੇ ਉਨ੍ਹਾਂ ਦੀ ਉਸਤਤ ਵਿਚ ਰਚਿਤ ਬਾਣੀ ਨੂੰ ਲਿਪੀਬੱਧ ਕੀਤਾ ਗਿਆ ਹੋਵੇ।ਇਸ ਪੁਸਤਕ ਦੀ ਭੂਮਿਕਾ ਵਿਚ ਉਹਨਾਂ ਦੇ ਆਪਣੇ ਲਿਖੇ ਸ਼ਬਦਾਂ ਅਨੁਸਾਰ, "ਮੇਰੇ ਇਹ ਕੁਝ ਕੁ ਯਤਨ ਸਫ਼ਲ ਬਣ ਜਾਣਗੇ ਜੇ ਅੱਜ ਦੇ ਪ੍ਰਚਲਿਤ ਕੀਰਤਨ ਵਿੱਚ ਫ਼ਿਲਮੀ ਦੁਨੀਆਂ ,ਗਜ਼ਲੀ ਦੁਨੀਆਂ ਤੇ ਲੋਕ ਗਾਇਕਾਂ ਦੀਆਂ ਗਾਈਆਂ ਧੁਨੀਆਂ ਆਧਾਰਿਤ ਕੀਰਤਨ ਤਿਆਗ ਕੇ ਗੁਰਮਤਿ ਸੰਗੀਤ ਦੇ ਰਾਗ ਆਧਾਰਿਤ ਕੀਰਤਨ ਦੇ ਪ੍ਰੰਪਰਾਗਤ ਸਰੂਪ ਨੂੰ ਅਪਣਾਇਆ ਜਾ ਸਕੇ।"

ਪੁਸਤਕ ਵਿਚ ਪ੍ਰੋ. ਸਾਹਿਬ ਨੇ ਬੜੀ ਹੀ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਹੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਕੀਰਤਨ ਰੀਤ ਨੂੰ ਅੱਗੇ ਤੋਰਿਆ।ਸਤਿਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਨਮੁਖ ਅੰਮਿਤ ਵੇਲੇ ਦੇ ਦੀਵਾਨ ਵਿਚ ਆਸਾ ਦੀ ਵਾਰ ਗਾਉਣ ਦੀ ਰੀਤ ਚਲਾਈ।ਗੁਰੂ ਘਰ ਵਿਚ ਕੀਰਤਨ ਸੇਵਾ ਭਾਈ ਮਰਦਾਨਾ ਜੀ ਤੋਂ ਬਾਅਦ ਉਨ੍ਹਾਂ ਦੇ ਲੜਕੇ ਭਾਈ ਸ਼ਹਿਜ਼ਾਦਾ ਤੇ ਫਿਰ ਭਾਈ ਰਜ਼ਾਦਾ ਨਿਭਾਉਂਦੇ ਰਹੇ। ਉਨ੍ਹਾਂ ਤੋਂ ਬਾਅਦ ਭਾਈ ਮਰਦਾਨਾ ਜੀ ਦੇ ਪੋਤਰੇ ਤੇ ਭਾਈ ਰਜ਼ਾਦਾ ਜੀ ਦੇ ਲੜਕੇ ਭਾਈ ਸਾਦੂ ਤੇ ਭਾਈ ਬਾਦੂ ਕੀਰਤਨ ਸੇਵਾ ਨਿਭਾਉਂਦੇ ਰਹੇ।

ਪ੍ਰੋ. ਸਾਹਿਬ ਨੇ ਇਸ ਪੁਸਤਕ ਵਿਚ ਜਿਥੇ ਗੁਰੂ ਅੰਗਦ ਦੇਵ ਮਹਾਰਾਜ ਦੀ ਰਚਿਤ ਬਾਣੀ ਨੂੰ ਲਿਪੀਬੱਧ ਕੀਤਾ ਹੈ ਉਥੇ ਹੀ ਗੁਰੂ ਉਸਤਤ ਵਿਚ ਰਚਿਤ ਬਾਣੀ ਨੂੰ ਵੀ ਸਵਰ-ਰਚਨਾ ਦਿਤੀ ਹੈ।ਗੁਰੂ ਅੰਗਦ ਦੇਵ ਮਹਾਰਾਜ ਨੇ ਸ੍ਰੀ ਰਾਗ ਵਿਚ-੨ ਸਲੋਕ,ਮਾਝ-੧੨, ਆਸਾ-੧੫, ਸੋਰਠਿ-੧, ਸੂਹੀ-੧੧, ਰਾਮਕਲੀ-੭, ਮਾਰੂ-੧, ਸਾਰੰਗ-੯ ਅਤੇ ਮਲ੍ਹਾਰ-੫, ਇਸ ਪ੍ਰਕਾਰ ਕੁਲ ੬੩ ਸਲੋਕ ਰਚੇ।ਪੁਸਤਕ ਵਿਚ ਇਨ੍ਹਾਂ ਦੀਆਂ ਕੁਲ ੮੮ ਬੰਦਿਸ਼ਾਂ ਨੂੰ ਲਿਪੀਬੱਧ ਕੀਤਾ ਗਿਆ ਹੈ ਜਿਸ ਵਿਚ ੨੫ ਸਲੋਕਾਂ ਦੀਆਂ ਬੰਦਿਸ਼ਾਂ ਦੀ ਇਕ ਕਠਿਨ ਤੇ ਇਕ ਸੁਖੈਣ ਤਾਲ ਜਿਵੇਂ ਦਾਦਰਾ , ਕਹਿਰਵਾ, ਰੂਪਕ ਆਦਿ ਵਿਚ ਨੋਟੇਸ਼ਨ ਦਿਤੀ ਹੈ ਤਾਂ ਜੋ ਸਧਾਰਣ ਕੀਰਤਨਕਾਰ ਵੀ ਇਹਨਾਂ ਬੰਦਿਸ਼ਾਂ ਤੋਂ ਲਾਭ ਉਠਾ ਸਕਣ। ਰਾਗ ਰਾਮਕਲੀ ਵਿਚ 'ਰਾਇ ਬਲਵੰਡਿ ਤਥਾ ਸਤੁ ਡੂਮ ਆਖੀ' ਦੀ ਵਾਰ ਵਿਚ ਦੋ ਪਉੜੀਆਂ ਬਲਵੰਡਿ ਅਤੇ ਇਕ ਪਉੜੀ ਸਤੈ ਨੇ ਗੁਰੂ ਅੰਗਦ ਦੇਵ ਜੀ ਦੀ ਉਸਤਤ ਵਿਚ ਰਚੀਆਂ ਹਨ,ਇਹਨਾਂ ਦੀਆਂ ਰਾਮਕਲੀ ਰਾਗ ਵਿਚ ੬ ਬੰਦਿਸ਼ਾਂ ਨੂੰ ਸਵਰ-ਰਚਨਾ ਦਿੱਤੀ ਹੈ ਜਿਨ੍ਹਾਂ ਵਿਚ 'ਲਹਣੇ ਦੀ ਫੇਰਾਈਐ', ਏਕ ਤਾਲ ਅਤੇ ਰੂਪਕ ਤਾਲ ਵਿਚ, 'ਜਿਨ ਕੀਤੀ ਸੋ ਮੰਨਣਾ' ਜੈ ਤਾਲ ਅਤੇ ਪੰਜਾਬੀ ਠੇਕਾ ਵਿਚ ਅਤੇ 'ਫੇਰ ਵਸਾਇਆ ਫੇਰੁਆਣਿ' ਪੰਜਾਬੀ ਠੇਕਾ ਅਤੇ ਦਾਦਰਾ ਤਾਲ ਵਿਚ ਦੋ ਬੰਦਿਸ਼ਾਂ ਲਿਪੀਬੱਧ

ਹਨ।ਕਲਸਹਾਰ ਭੱਟ ਦੇ ਗੁਰੂ ਸਾਹਿਬ ਦੀ ਉਸਤਤ ਵਿਚ ਦਸ ਰਚਿਤ ਸਵੱਈਆਂ ਨੂੰ ਲੇਖਕ ਨੇ ਸਵੇਰ ਦੇ ਰਾਗਾਂ ਭੈਰਓ,ਪ੍ਰਭਾਤੀ, ਆਸਾ, ਬਿਲਾਵਲ, ਬਸੰਤ, ਆਸਾਵਰੀ, ਰਾਮਕਲੀ, ਟੋਡੀ, ਗੁਜਰੀ, ਦੇਵਗੰਧਾਰੀ ਵਿਚ ਕੁਲ ੨੯ ਬੰਦਿਸ਼ਾਂ ਨੂੰ ਲਿਪੀਬੱਧ ਕੀਤਾ ਹੈ ਜਿਵੇਂ ਕਿ 'ਸੋਈ ਪੁਰਖੁ ਧੰਨੁ ਕਰਤਾ' ਰਾਗ ਭੈਰਓ ਦੀਆਂ ਤੀਨ ਤਾਲ ਅਤੇ ਦਾਦਰਾ ਤਾਲ ਵਿਚ ਦੋ ਬੰਦਿਸ਼ਾਂ, 'ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ' ਰਾਗ ਪ੍ਰਭਾਤੀ ਦੀਆਂ ਤੀਨ ਤਾਲ , ਰੂਪਕ ਅਤੇ ਕਹਿਰਵਾ ਤਾਲ ਵਿਚ ਤਿੰਨ ਬੰਦਿਸ਼ਾਂ ,ਇਸੇ ਤਰਾਂ ਹੀ ਕਰਤਾ ਨੇ ਦਸਾਂ ਸਵੱਈਆਂ ਨੂੰ ੨੯ ਸਵਰ-ਰਚਨਾਵਾਂ ਵਿਚ ਲਿਪੀਬੱਧ ਕੀਤਾ ਹੈ।'ਗੁਰੂ ਅੰਗਦ ਜੀ ਆਗਮਨ' ਭਾਈ ਗੁਰਦਾਸ ਦੀਆਂ ਰਚਿਤ ਚਾਰ ਪਉੜੀਆਂ ੨੪ਵੀਂ ਵਾਰ ਵਿਚ ਅਤੇ ਇਕ ਪਉੜੀ ਪਹਿਲੀ ਵਾਰ ਵਿਚ, ਇਹਨਾਂ ਪਉੜੀਆਂ ਨੂੰ ਰਾਗ ਤਿਲੰਗ, ਧਨਾਸਰੀ, ਤੁਖਾਰੀ, ਕੇਦਾਰਾ, ਜੈਜਾਵੰਤੀ ਰਾਗਾਂ ਵਿਚ ੧੫ ਬੰਦਿਸ਼ਾਂ ਦਾ ਸਰੂਪ ਦਿੱਤਾ ਗਿਆ ਹੈ।ਇੱਕ -ਇੱਕ ਰਾਗ ਵਿਚ ਬੰਦਿਸ਼ ਨੂੰ ਤਿੰਨ ਵੱਖ-ਵੱਖ ਤਾਲਾਂ ਵਿਚ ਲਿਪੀਬੱਧ ਕੀਤਾ ਗਿਆ ਹੈ। ਉਦਾਹਰਨ ਦੇ ਤੌਰ ਤੇ-'ਅੰਗਹੁ ਅੰਗ ਉਪਾਇਉਨ' ਰਾਗ ਤਿਲੰਗ ਦੀ ਬੰਦਿਸ਼ ਕ੍ਰਮਵਾਰ ਤੀਨ ਤਾਲ, ਕਹਿਰਵਾ ਅਤੇ ਦੀਪਚੰਦੀ ਵਿਚ ਲਿਪੀਬੱਧ ਹੈ।ਇਸ ਤਰਾਂ ਹੀ ਇਕ ਪਉੜੀ ਦੀਆਂ ਤਿੰਨ-ਤਿੰਨ ਬੰਦਿਸ਼ਾਂ ਦੀ ਨੋਟੇਸ਼ਨ ਦਿੱਤੀ ਗਈ ਹੈ।

ਕਰਤਾ ਨੇ ਕੀਰਤਨ ਕਲਾ ਪੱਖ ਨੂੰ ਵੀ ਧਿਆਨ ਵਿਚ ਰੱਖਿਆ ਹੈ ਅਤੇ ਨਾਲ ਹੀ ਬੰਦਿਸ਼ਾਂ ਨੂੰ ਸਰਲ ਤਾਲਾਂ ਜਿਵੇਂ ਕਹਿਰਵਾ, ਦਾਦਰਾ, ਰੂਪਕ ਆਦਿ ਵਿਚ ਵੀ ਲਿਪੀਬੱਧ ਕੀਤਾ ਹੈ ਜਿਸਦੇ ਨਾਲ ਸਧਾਰਣ ਵਿਅਕਤੀ ਵੀ ਇਸਦਾ ਆਨੰਦ ਮਾਣ ਸਕਦਾ ਹੈ।ਇਸ ਪ੍ਰਕਾਰ ਇਸ ਪੁਸਤਕ ਵਿਚ ੨੨ ਰਾਗਾਂ ਵਿਚ ਕੁਲ ੧੩੫ ਬੰਦਿਸ਼ਾਂ ਦਾ ਸੰਗ੍ਰਿਹ ਹੈ ਜਿਹਨਾਂ ਨੂੰ ਕਿ ਵਿਭਿੰਨ ਤਾਲਾਂ ਵਿਚ ਲਿਪੀਬੱਧ ਕੀਤਾ ਗਿਆ ਹੈ। ਅਗਲੇ ਪੰਨਿਆਂ ਉਪਰ ਸਵਰ-ਉਚਾਰਣ, ਸਵਰਲਿਪੀ ਅਤੇ ਤਾਲਾਂ ਦੇ ਪ੍ਰਯੋਗ ਬਾਰੇ ਜਾਣਕਾਰੀ ਦਿੱਤੀ ਗਈ ਹੈ। ਕਿਹੜੇ ਸਵਰ ਨੂੰ ਕਿਵੇਂ ਉੱਚਾਰਿਤ ਕਰਨਾ ਹੈ, ਸ਼ੁੱਧ ,ਕੋਮਲ ਅਤੇ ਤੀਵਰ ਸਵਰਾਂ ਦੇ ਚਿੰਨ੍ਹ, ਮਾਤਰਾ ਨੂੰ ਕਿਵੇਂ ਵਧਾਉਣਾ ਹੈ, ਤਾਨਾਂ ਦਾ ਅਭਿਆਸ, ਇਹ ਸਾਰੀ ਜਾਣਕਾਰੀ ਦਿੱਤੀ ਗਈ ਹੈ।ਇਸ ਤੋਂ ਇਲਾਵਾ ਸਾਰੇ ਰਾਗਾਂ ਦਾ ਪਰਿਚੈ ਦਿੱਤਾ ਗਿਆ ਹੈ ਅਤੇ ਹਰ ਸ਼ਾਸਤ੍ਰੀ ਸੰਗੀਤ ਅਧਾਰਿਤ ਬੰਦਿਸ਼ ਤੋਂ ਬਾਅਦ ਉਸਦੇ ਤਾਲ-ਬੱਧ ਆਲਾਪ, ਤਾਨਾਂ ਤੇ ਤਿਹਾਈਆਂ ਦਿੱਤੀਆਂ ਗਈਆਂ ਹਨ।ਪ੍ਰੋ. ਕਰਤਾਰ ਸਿੰਘ ਜੀ ਨੇ ਬੰਦਿਸ਼ਾਂ ਦੀ ਬਣਤਰ ਬਾਰੇ ਹਰ ਗੱਲ ਨੂੰ ਧਿਆਨ ਵਿਚ ਰੱਖਿਆ ਹੈ।ਉਹਨਾਂ ਨੇ ਆਮ ਵਿਦਿਆਰਥੀ ਦੀ ਮਜਬੂਰੀ ਜਾਂ ਮੁਸ਼ਕਿਲ ਨੂੰ ਸਮਝਦਿਆਂ ਹੋਇਆਂ ਹਰ ਬੰਦਿਸ਼ ਦੇ ਤਾਲਬੱਧ ਆਲਾਪ ਦਿੱਤੇ ਹਨ। ਆਲਾਪ ਦੇ ਨਾਲ-ਨਾਲ ਤਾਨਾਂ ਤੇ ਤਿਹਾਈਆਂ ਨੂੰ ਜੋੜਿਆ ਹੈ।ਤਿੰਹਾਈਆਂ ਬਾਰੇ ਕਾਫ਼ੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ ਕਿ ਕਿਹੜੀ ਤਿਹਾਈ ਕਿਥੋਂ ਉਠਾਉਣੀ ਹੈ ਅਤੇ ਕਿੱਥੇ ਖ਼ਤਮ ਕਰਨੀ ਹੈ।ਪ੍ਰੋ. ਸਾਹਿਬ ਦੁਆਰਾ ਲਿਪੀਬੱਧ ਇਹਨਾਂ ਰਚਨਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਦਾਦਰਾ, ਕਹਿਰਵਾ, ਤੀਨਤਾਲ ਵਰਗੀਆਂ ਸਧਾਰਣ ਤਾਲਾਂ ਜੋ ਕਿ ਆਮ ਪ੍ਰਚਾਰ ਵਿਚ ਹਨ ਇਹਨਾਂ ਤੋਂ ਇਲਾਵਾ ਇਹਨਾਂ ਬੰਦਿਸ਼ਾਂ ਨੂੰ ਅਜਿਹੀਆਂ ਤਾਲਾਂ ਵਿਚ ਵੀ ਲਿਪੀਬੱਧ ਕੀਤਾ ਗਿਆ ਹੈ ਜੋ ਕਿ ਕਾਫੀ ਵਿਲੱਖਣ ਅਤੇ ਕਠਿਨ ਹਨ ਜਿਵੇਂ ਕਿ ਫਰੋਦਸਤ, ਮੱਤ ਤਾਲ, ਜਗਪਾਲ ਤਾਲ, ਜੈ ਤਾਲ, ਪੰਚਮ ਸਵਾਰੀ ਅਤੇ ਰੂਪ ਤਾਲ ਆਦਿ। ਅਜਿਹੀਆਂ ਤਾਲਾਂ ਵਿਚ ਲਿਪੀਬੱਧ ਰਚਨਾਵਾਂ ਨੂੰ ਸਿੱਖਣ ਲਈ ਸਚਮੁੱਚ ਹੀ ਕਾਫ਼ੀ ਅਭਿਆਸ ਦੀ ਲੋੜ ਹੈ। ਪ੍ਰੋ. ਸਾਹਿਬ ਨੇ ਕੀਰਤਨ ਪ੍ਰੇਮੀਆਂ ਦੀ ਸੌਖ ਲਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸ਼ਬਦਾਂ ਦੇ ਪਦ ਅਰਥ ਵੀ ਦਰਜ ਕਰ ਦਿੱਤੇ ਹਨ। ਪੁਸਤਕ ਦੇ ਅੰਤ ਵਿਚ ਪੁਸਤਕ ਵਿਚ ਪ੍ਰਯੋਗ ਕੀਤੀਆਂ ਗਈਆਂ ਤਾਲਾਂ ਦਾ ਪਰਿਚੈ ਦਿੱਤਾ ਗਿਆ ਹੈ।

ਇਸ ਪੁਸਤਕ ਤੋਂ ਪਹਿਲਾਂ ਵੀ ਆਪ ਦੁਆਰਾ ਲਿਖਿਤ ਪਹਿਲੀ ਪੁਸਤਕ 'ਗੁਰਬਾਣੀ ਸੰਗੀਤ ਦਰਪਣ', ਜਿਸ ਵਿਚ ੧੨ ਭਾਰਤੀਯ ਸੰਗੀਤ ਅਤੇ ੧੨ ਗੁਰੂ ਗ੍ਰੰਥ ਸਾਹਿਬ ਦੇ ਸੁਖੈਣ ਰਾਗਾਂ ਵਿਚ ੧੯੨ ਸ਼ਬਦ-ਬੰਦਿਸ਼ਾਂ ਦਾ ਸੰਗ੍ਰਿਹ ਹੈ, ਪ੍ਰਕਾਸ਼ਿਤ ਹੋ ਚੁੱਕੀ ਹੈ। ਇਹ ਪੁਸਤਕ ਸੰਗੀਤ ਵਿਦਿਆਰਥੀਆਂ ਅਤੇ ਕੀਰਤਨ ਪ੍ਰੇਮੀਆਂ ਲਈ ਬਹੁਤ ਲਾਭਦਾਇਕ ਸਾਬਿਤ ਹੋਈ ਹੈ ਅਤੇ ਇਸ ਪੁਸਤਕ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਜ ਵਾਰੀ ਪ੍ਰਕਾਸ਼ਨ ਹੋ ਚੁਕਿਆ ਹੈ ਅਤੇ ਹੁਣ ਤੱਕ ੧੧,੦੦੦ ਕਾਪੀਆਂ ਛਪ ਚੁੱਕੀਆਂ ਹਨ। ਇਸਤੋਂ ਬਾਅਦ ਉਹਨਾਂ ਦੁਆਰਾ ਰਚਿਤ ਦੂਸਰੀ ਪੁਸਤਕ 'ਗੁਰਮਤਿ ਸੰਗੀਤ ਦਰਪਣ ਭਾਗ-ਪਹਿਲਾ', ਜਿਸ ਵਿਚ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ੧੫ ਰਾਗਾਂ, ਸ੍ਰੀ ਰਾਗ ਤੋਂ ਸੂਹੀ ਰਾਗ ਤੱਕ ਦਾ ਪਰਿਚੈ ਅਤੇ ਇਹਨਾਂ ਰਾਗਾਂ ਵਿਚ ੩੭੨ ਸ਼ਬਦ-ਬੰਦਿਸ਼ਾਂ ਦਾ ਸੰਗ੍ਰਿਹ ਹੈ ਅਤੇ ਤੀਸਰੀ ਪੁਸਤਕ 'ਗੁਰਮਤਿ ਸੰਗੀਤ ਦਰਪਣ ਭਾਗ-ਦੂਜਾ', ਜਿਸ ਵਿਚ ਬਿਲਾਵਲ ਰਾਗ ਤੋਂ ਜੈਜਾਵੰਤੀ ਰਾਗ ਤੱਕ ੧੬ ਰਾਗਾਂ ਦਾ ਪਰਿਚੈ ਅਤੇ ਇਹਨਾਂ ਰਾਗਾਂ ਵਿੱਚ ੪੨੦ ਸ਼ਬਦ-ਬੰਦਿਸ਼ਾਂ ਦਾ ਸੰਗ੍ਰਿਹਿ ਹੈ, ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਹ ਸ਼ਬਦ-ਬੰਦਿਸ਼ਾਂ ਵਿਲੰਬਿਤ ਲੈਅ ਵਿਚ ਮਹੇਸ਼ ਤਾਲ, ਮੱਤ ਤਾਲ, ਝਪ ਤਾਲ, ਜਗਪਾਲ ਤਾਲ, ਰੁਦ੍ਰ ਤਾਲ, ਜੈ ਤਾਲ, ਧਮਾਰ ਤਾਲ, ਪੰਚਮ ਸਵਾਰੀ ਤਾਲਾਂ ਵਿਚ ਹਨ। ਇਸ ਤੋਂ ਬਿਨਾਂ ਏਕ ਤਾਲ ਅਤੇ ਝੂਮਰਾ ਤਾਲ ਵਿਚ ਅਤਿ ਵਿਲੰਬਿਤ ਲੈਅ ਵਿਚ ਤਾਨਾਂ ਅਤੇ ਤਿਹਾਈਆਂ ਸਹਿਤ ਬੰਦਿਸ਼ਾਂ ਦੀ ਰਚਨਾ ਕੀਤੀ ਗਈ ਹੈ। ਮੱਧ ਲੈਅ ਵਿਚ ਏਕ ਤਾਲ, ਸੂਲ ਤਾਲ, ਆੜਾ ਚਾਰ ਤਾਲ,ਫਰੋਦਸਤ ਵਿਚ ਵੀ ਤਾਨਾਂ, ਤਿਹਾਈਆਂ ਸਹਿਤ ਬੰਦਿਸ਼ਾਂ ਨੂੰ ਜੋੜਿਆ ਗਿਆ ਹੈ। ਕਰਤਾ ਨੇ ਸੁਖੈਣ ਤਾਲਾਂ ਵਿਚ ਜਿਵੇਂ ਛੋਟਾ ਤੀਨ ਤਾਲ, ਰੂਪਕ, ਦਾਦਰਾ ਅਤੇ ਕਹਿਰਵਾ ਵਿਚ ਵੀ ਸ਼ਬਦ-ਬੰਦਿਸ਼ਾਂ ਨੂੰ ਜੋੜਿਆ ਹੈ। ਅੱਜ ਸੰਗੀਤ ਮਹਿਫ਼ਿਲਾਂ ਵਿਚ ਤੇ ਸ਼ਬਦ ਕੀਰਤਨ ਚੌਕੀਆਂ ਵਿਚ ਸ਼ਾਇਦ ਹੀ ਸਾਢੇ,ਪੌਣ ਸਵਾਈ ਮਾਤਰਾ ਦੀਆਂ ਤਾਲਾਂ ਵਿਚ ਗਾਇਨ ਸੁਣਿਆ ਜਾ ਸਕੇ ਪਰ ਇਥੇ ਕਰਤਾ ਨੇ ਸਾਢੇ ਸੱਤ,ਸਾਢੇ ਅੱਠ, ਸਾਢੇ ਨੌਂ, ਸਾਢੇ ਦਸ ਮਾਤਰਾ ਦੀਆਂ ਤਾਲਾਂ, ਸਵਾ ਨੌਂ, ਸਵਾ ਦਸ ਮਾਤਰਾ ਦੀਆਂ ਤਾਲਾਂ ਅਤੇ ਪੌਣੇ ਅੱਠ, ਪੌਣੇ ਨੌਂ ਮਾਤਰਾ ਦੀਆਂ ਤਾਲਾਂ ਵਿਚ ਸ਼ਬਦ-ਬੰਦਿਸ਼ਾਂ ਨੂੰ ਤਾਨਾਂ-ਤਿਹਾਈਆਂ ਸਹਿਤ ਲਿਪੀਬੱਧ ਕੀਤਾ ਹੈ।ਇਸ ਤੋਂ ਬਿਨਾਂ ਹਰ ਰਾਗ ਵਿਚ ਕਈ ਪੜਤਾਲਾਂ ਦੀ ਵੀ ਨੋਟੇਸ਼ਨ ਦਿੱਤੀ ਹੈ।

ਪ੍ਰੋ. ਸਾਹਿਬ ਇਕ ਮਧੁਰ ਕੀਰਤਨੀਏ ਹਨ ਅਤੇ ਅੰਦਾਜ਼ਨ ਇਕ ਦਹਾਕੇ ਤੋਂ ਉਹ ਸਮੇਂ-ਸਮੇਂ ਤੇ ਤਾਨਪੁਰਾ ਅਤੇ ਤੰਤੀ ਸਾਜ਼ਾਂ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਹਾਜ਼ਰੀਆਂ ਭਰਦੇ ਰਹਿੰਦੇ ਹਨ।ਕੀਰਤਨ ਚੌਕੀ ਵਿਚ ਉਹ ਸਦੈਵ ਮੰਗਲਾਚਰਨ, ਏਕ ਤਾਲ ਵਿਲੰਬਿਤ ਲੈਅ ਵਿਚ ਰਾਗ ਦਾ ਸਰੂਪ ਨਿਖੇਰਦੇ ਹੋਏ ਕੀਰਤਨ ਦਾ ਆਰੰਭ ਕਰਦੇ ਹਨ ਅਤੇ ਸ਼ਬਦ ਆਲਾਪ ਦੁਆਰਾ ਰਾਗਾਂ ਸਰੂਪ ਬਣਾਉਂਦੇ ਹੋਏ ਸਰੋਤਿਆਂ ਨੂੰ ਸ਼ਬਦ ਵਿਚ ਲੀਨ ਕਰ ਲੈਂਦੇ ਹਨ। ਚੌਂਕੀ ਵਿਚ ਪਹਿਲੀ ਵਿਲੰਬਿਤ ਲੈਅ ਦੀਆਂ ਬੰਦਿਸ਼ਾਂ ੯ ਮਾਤਰਾ, ੧੧ ਮਾਤਰਾ ਆਦਿ ਵਿਚ ਗਾਇਨ ਕਰਦੇ ਹਨ ਅਤੇ ਮੱਧ ਲੈਅ ਵਿਚ ਤੀਨ ਤਾਲ,ਏਕ ਤਾਲ ਆਦਿ ਤਾਲਾਂ ਵਿਚ ਤਾਨਾਂ, ਬੋਲ ਤਾਨਾਂ, ਤਿਹਾਈਆਂ ਆਦਿ ਦੁਆਰਾ ਕੀਰਤਨ ਦੀ ਪੁਰਾਤਨ ਮਰਿਯਾਦਾ ਨੂੰ ਕਾਇਮ ਰੱਖਦੇ ਹੋਏ ਸੰਗਤਾਂ ਨੂੰ ਸ਼ਬਦ ਨਾਲ ਜੋੜਦੇ ਹਨ। ਇਨ੍ਹਾਂ ਦੇ ਕੀਰਤਨ ਵਿਚ ਸ਼ਬਦ ਰਸ, ਰਾਗ ਰਸ ਉੱਪਰ ਸਦੈਵ ਹਾਵੀ ਰਹਿੰਦਾ ਹੈ।

ਸੋ ਇਹ ਗੱਲ ਯਕੀਨੀ ਹੈ ਕਿ ਗੁਰਮਤਿ ਸੰਗੀਤ ਦੇ ਸਿਖਿਆਰਥੀ ਇਸ ਪੁਸਤਕ ਤੋਂ ਬਹੁਤ ਲਾਭ ਉਠਉਣਗੇ।ਇਸ ਪੁਸਤਕ ਦੇ ਪ੍ਰਕਾਸ਼ਨ ਲਈ ਧਰਮ ਪ੍ਰਚਾਰ ਕਮੇਟੀ( ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵਧਾਈ ਦੀ ਪਾਤਰ ਹੈ।

ਸਚਮੁੱਚ ਹੀ ਪ੍ਰੋ. ਸਾਹਿਬ ਦੁਆਰਾ ਰਚਿਤ ਇਹ ਪੁਸਤਕ ਇੱਕ ਉੱਤਮ ਕਿਰਤ ਹੈ ਅਤੇ ਉਨ੍ਹਾਂ ਦਾ ਇਹ ਉੱਦਮ ਬਹੁਤ ਹੀ ਸ਼ਲਾਘਾਯੋਗ ਅਤੇ ਪ੍ਰੇਰਨਾਦਾਇਕ ਹੈ।

---

*ਰਾਮਗੜ੍ਹੀਆ ਗਰਲਜ਼ ਕਾਲਜ, ਲੁਧਿਆਣਾ*

# ਸੁਰ ਲਿਪੀ

ਪ੍ਰਿੰ: ਸੁਖਵੰਤ ਸਿੰਘ

***ਰਾਗੁ ਧਨਾਸਰੀ***

ਇਸ ਰਾਗ ਦੀ ਰਚਨਾ ਕਾਫੀ ਥਾਟ ਤੋਂ ਮੰਨੀ ਜਾਂਦੀ ਹੈ। ਇਸ ਵਿਚ ਗੰਧਾਰ, ਨਿਸ਼ਾਦ ਕੋਮਲ ਅਤੇ ਹੋਰ ਸੁਰ ਸ਼ੁੱਧ ਲੱਗਦੇ ਹਨ। ਰਾਗ ਦੇ ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ ਅਤੇ ਅਵਰੋਹ ਵਿਚ ਸੱਤ ਸੁਰ ਲੱਗਣ ਕਰਕੇ ਜਾਤੀ ਔਡਵ-ਸੰਪੂਰਣ ਹੈ। ਵਾਦੀ ਪੰਚਮ ਅਤੇ ਸੰਵਾਦੀ ਸ਼ੜਜ ਹੈ। ਇਸ ਰਾਗ ਨੂੰ ਦਿਨ ਦੇ ਤੀਜੇ ਪਹਿਰ ਗਾਇਆ ਜਾਂਦਾ ਹੈ। ਰਾਗ ਵਿਚ 'ਪ ਗੁ' ਸੁਰ ਸੰਗਤੀ ਮਹੱਤਵਪੂਰਨ ਹੈ। ਇਸ ਦਾ ਨਿਕਟਵਰਤੀ ਰਾਗ ਭੀਮਪਲਾਸੀ ਹੈ, ਪਰ ਭਿੰਨਤਾ ਲਈ ਭੀਮਪਲਾਸੀ ਦਾ ਵਾਦੀ ਸੁਰ ਮਧਿਅਮ ਅਤੇ ਧਨਾਸਰੀ ਦਾ ਵਾਦੀ ਪੰਚਮ ਹੈ। ਇਸ ਦਾ ਸਰੂਪ ਪ੍ਰਗਟਾਉਣ ਲਈ

"ਨ਼ੁ ਸ ਗੁ ਮ ਪ, ਗੁ ਸ ਗੁ ਮ ਪ ਗੁ ਪ ਗੁ, ਰ ਸ, ਸੁਰ ਸਮੂਹ ਸਹਾਈ ਹੁੰਦਾ ਹੈ।

***ਥਾਟ*** - ਕਾਫੀ ('ਗੁ' ਤੇ 'ਨੁ' ਕੋਮਲ) ***ਜਾਤੀ*** - ਔਡਵ-ਸੰਪੂਰਣ (ਆਰੋਹ ਵਿਚ 'ਰ' ਅਤੇ 'ਧ' ਵਰਜਿਤ)

***ਸਮਾਂ*** - ਦਿਨ ਦਾ ਤੀਜਾ ਪਹਿਰ ***ਵਾਦੀ*** - ਪ ***ਸੰਵਾਦੀ*** - ਸ

***ਆਰੋਹ*** - ਸ ਗੁੰ ਮ ਪ ਨੁ ਸਂ। ***ਅਵਰੋਹ*** - ਸਂ ਨੁ ਧ ਪ ਮ ਪ ਗੁ ਰ ਸ।

***ਮੁੱਖ ਅੰਗ*** - ਨੁ ਸ, ਗੁ ਮ ਪ, ਨੁ ਧ ਪ, ਮ ਪ ਗੁ, ਰ ਸ।

ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ***ਸਥਾਈ*** | | | | | | | | | | | | | | | |
| | | | | | | ਪ | ਪਮ | ਗੁ | ਗੁਮ | ਪ | ਮ | ਗੁ | ਰੇ | ਸ | ਰੇ |
| | | | | | | *ਕੈ* | *ਸੀऽ* | *ऽ* | *ਆऽ* | *ऽ* | *ਰ* | *ਤੀ* | *ऽ* | *ऽ* | *ऽ* |
| ਨ਼ੀ | ਸ | ਗੁ | ਮ | ਪ | ਪ | ਪ | ਪ | ਗੁ | ਮ | ਪ | ਸਂਨ਼ੀ | ਧ | ਧ | ਪ | ਪ |
| *ਹੋ* | *ऽ* | *ऽ* | *ऽ* | *ਇ* | *ऽ* | *ऽ* | *ऽ* | *ਭ* | *ਵ* | *ਖੰ* | *ਡऽ* | *ਨਾ* | *ऽ* | *ऽ* | *ऽ* |
| ਗ | ਮ | ਪ | ਸਂਨ਼ੀ | ਧ | ਧ | ਪ | ਪ | ਸਂ | ਸਂ | ਨ਼ੀਧ | ਪ | ਨ਼ੀ | ਨ਼ੀ | ਧ | ਪ |
| *ਤੋ* | *ऽ* | *ਰੀ* | *ਆऽ* | *ऽ* | *ਰ* | *ਤੀ* | *ऽ* | *ਅ* | *ਨ* | *ਹऽ* | *ਤਾ* | *ਸ* | *ਬ* | *ਦ* | *ਵਾ* |
| ਗੁ | ਗੁ | ਮ | ਮ | ਪ | ਪ | | | | | | | | | | |
| *ਜੰ* | *ਤ* | *ਭੇ* | *ऽ* | *ਗੀ* | *ऽ* | | | | | | | | | | |

**ਅੰਤਰਾ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਪ | ਪ | ਪ | ਪਪ | ਮ | ਪ | ਗੁ | ਮ |
| | | | | | | | | ਗ | ਗ | ਨ | ਮਹਿ | ਥਾ | ऽਲ | ਰ | ਵਿ |
| | | | | | | | | ਧੂ | ऽਪ | ਮ | ਲ | ਆ | ऽਨ | ਲੋ | ਪ |
| ਪ | ਪ | ਨੀ | ਪਨੀ | ਸਂ | ਸਂ | ਸਂ | ਸਂ | ਪ | ਨੀ | ਸਂ | ਗੁਂ | ਰੇਂ | ਰੇਂ | ਸਂ | ਸਂ |
| ਚੰ | ਦ | ਦੀ | ऽऽ | ਪ | ਕ | ਬ | ਨੇ | ਤਾ | ऽ | ਰ | ਕਾ | ਮੰ | ਡ | ਲ | ਜ |
| ਵ | ਨ | ਚ | ਵऽ | ਰੋ | ऽ | ਕ | ਰੇ | ਸ | ਗਲ | ਬ | ਨ | ਰਾ | ऽ | ਇ | ਫੂ |
| ਨੀ | ਨੀ | ਪਨੀ | ਸਂਨੀ | ਧ | ਧ | ਪ | ਪ | ਸਂ | ਸਂ | ਨੀਧ | ਪ | ਨੀ | ਨੀ | ਧ | ਪ |
| ਨ | ਕ | ਮੋऽ | ऽऽ | ਤੀ | ऽ | ऽ | ऽ | | | | | | | | |
| ਲੰ | ਤ | ਜੋऽ | ऽ | ਤੀ | ऽ | ऽ | ऽ | ਸ | ਗਲ | ਬऽ | ਨ | ਰਾ | ऽ | ਇ | ਫੂ |
| ਗੁ | ਗੁ | ਮ | ਮ | ਪ | ਪ | | | | | | | | | | |
| ਲੰ | ਤ | ਜੋ | ऽ | ਤੀ | ऽ | | | | | | | | | | |

ਆਰਤੀ ਦੇ ਬਾਕੀ ਅੰਤਰੇ ਸੁਵਿਧਾ ਅਨੁਸਾਰ ਕਹਿਰਵੇ ਤਾਲ ਵਿਚ ਗਾਇਨ ਕੀਤੇ ਜਾ ਸਕਦੇ ਹਨ।

ਜਵੱਦੀ ਟਕਸਾਲ

ਲੁਧਿਆਣਾ

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

## ਮਨਮੋਹਨ ਸਿੰਘ

| | | |
|---|---|---|
| ਧਨਾਸਰੀ ਮਹਲਾ ੧ ॥<br>ਆਰਤੀ ॥<br>ੴ ਸਤਿਗੁਰ ਪ੍ਰਸਾਦਿ ॥ | **Dhanasri 1st Guru**<br>**Present adoration**<br>There is but One God. By True Guru's grace, is He obtained. | ਧਨਾਸਰੀ ਪਹਿਲੀ ਪਾਤਸ਼ਾਹੀ<br>ਸਨਮੁਖ ਉਪਾਸਨਾ<br>ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ। |
| ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਣੇ ਤਾਰਿਕਾ ਮੰਡਲ ਜਨਕ ਮੋਤੀ ॥ | In the sky's salver, the sun and the moon are the lamps and the stars with their orbs are the studded pearls. | ਅਸਮਾਨ ਦੀ ਵੱਡੀ ਪਲੇਟ ਅੰਦਰ ਸੂਰਜ ਅਤੇ ਚੰਨ ਦੀਵੇ ਹਨ ਅਤੇ ਤਾਰੇ ਆਪਣੇ ਚੱਕਰਾਂ ਸਮੇਤ ਜੜੇ ਹੋਏ ਮੋਤੀ। |
| ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ | The fragrance of sandal wood makes Thy incense, wind Thy fan and all the vegetation Thine flowers, O Luminous Lord. | ਚੰਨਣ ਦੀ ਸਗੰਧਤ ਤੇਰੀ ਹੋਮ ਸਾਮਗਰੀ ਬਣਾਉਂਦੀ ਹੈ, ਹਵਾ ਤੇਰੀ ਚੌਰੀ ਅਤੇ ਸਾਰੀ ਬਨਾਸਪਤੀ ਤੇਰੇ ਫੁੱਲ ਹਨ, ਹੇ ਪ੍ਰਕਾਸ਼ਵਾਨ ਪ੍ਰਭੂ! |
| ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥<br>ਅਨਹਤਾ ਸਬਦ ਵਾਜੰਤ ਭੇਰੀ ॥ ੧ ॥ ਰਹਾਉ ॥ | What a beautiful worship with lamps is being performed? This is Thine present adoration O the Destroyer of dread.<br>The celestial strain is the sounding of temple drums. Pause. | ਕੈਸੀ ਸੁੰਦਰ ਉਪਾਸਨਾ ਦੀਵਿਆਂ ਨਾਲ ਹੋ ਰਹੀ ਹੈ? ਇਹ ਤੈਂਡੀ ਸਨਮੁਖ ਪੂਜਾ ਹੈ, ਹੇ ਡਰ ਦੇ ਨਾਸ ਕਰਨਹਾਰ।<br>ਰੱਬੀ ਕੀਰਤਨ, ਮੰਦਰ ਦੇ ਨਗਾਰਿਆਂ ਦਾ ਵੱਜਣਾ ਹੈ ਠਹਿਰਾਉ। |
| ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥<br>ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥ | Thousands are Thine eyes, yet thou hast no eye. Thousands are Thine forms, yet thou hast not even one, Thousands are Thine pure feet, then Thou hast not one foot. Thousands are Thine noses, and yet Thou art without a nose, I am bewitched by these plays of Thine. | ਹਜ਼ਾਰਾਂ ਹਨ ਤੇਰੀਆਂ ਅੱਖਾਂ, ਤਦਯਪ ਤੇਰੀ ਕੋਈ ਭੀ ਅੱਖ ਨਹੀਂ। ਹਜ਼ਾਰਾਂ ਹੀ ਹਨ ਤੇਰੇ ਸਰੂਪ, ਤਦਯਪ ਤੇਰਾ ਇਕ ਭੀ ਸਰੂਪ ਨਹੀਂ। ਹਜ਼ਾਰਾਂ ਹਨ ਤੇਰੇ ਪਵਿੱਤਰ ਪੈਰ, ਤਾਂ ਭੀ ਤੇਰਾ ਇਕ ਪੈਰ ਨਹੀਂ। ਹਜ਼ਾਰਾਂ ਹਨ ਤੇਰੇ ਨੱਕ, ਤਦਯਪ ਤੂੰ ਨਾਸਕਾਂ ਦੇ ਬਗੈਰ ਹੈ। ਤੇਰਿਆਂ ਇਨ੍ਹਾਂ ਕੌਤਕਾਂ ਨੇ ਮੈਨੂੰ ਫਰੇਫਤਾ ਕਰ ਲਿਆ ਹੈ। ਸਾਰਿਆਂ ਅੰਦਰ ਜਿਹੜੀ ਰੌਸ਼ਨੀ ਹੈ, ਉਹ ਰੌਸ਼ਨੀ ਤੂੰ ਹੀ ਹੈਂ। |
| ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ | Amongst all there is light. That light art Thou. By His Light, the light shines within all the souls. By Guru's teaching the Divine light becomes manifest, Whatever pleases Him, that is His real worship. | ਉਸ ਦੇ ਨੂਰ ਦੁਆਰਾ ਸਾਰੀਆਂ ਆਤਮਾਵਾਂ ਅੰਦਰ ਨੂਰ ਪ੍ਰਕਾਸ਼ ਹੁੰਦਾ ਹੈ।<br>ਗੁਰਾਂ ਦੇ ਉਪਦੇਸ਼ ਦੁਆਰਾ, ਈਸ਼ਵਰੀ ਨੂਰ ਜ਼ਾਹਰ ਹੁੰਦਾ ਹੈ।<br>ਜਿਹੜਾ ਕੁਛ ਉਸ ਨੂੰ ਭਾਉਂਦਾ ਹੈ, ਉਹੀ ਉਸ ਦੀ ਅਸਲ ਪੂਜਾ ਹੈ। |
| ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ | My soul is bewitched of the honey of the lotus feet of God and night and day I am thirstry for them. | ਵਾਹਿਗੁਰੂ ਦੇ ਕਮਲ ਪੈਰਾਂ ਦੇ ਮਾਖਿਓ ਉਤੇ ਮੇਰੀ ਆਤਮਾ ਮਾਇਲ ਹੋਈ ਹੋਈ ਹੈ ਅਤੇ ਰੈਣ ਦਿਹੁੰ ਮੈਂ ਉਨ੍ਹਾਂ ਲਈ ਤਿਹਾਇਆ ਹਾਂ। |
| ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥ | Bless Nanak, the pied cuckoo with the water of Thine mercy, so that he may have an abode in Thy Name, O Lord. | ਪਪੀਹੇ ਨਾਨਕ ਨੂੰ ਆਪਣੀ ਰਹਿਮਤ ਦਾ ਪਾਣੀ ਪਰਦਾਨ ਕਰ, ਤਾਂ ਜੋ ਉਸ ਦਾ ਨਿਵਾਸ ਤੇਰੇ ਨਾਮ ਵਿਚ ਥੀ ਵੰਞੇ ਹੇ ਪ੍ਰਭੂ! |